Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 335 30/05/2026 www.samajweekly.com samajweekly @samajweekly samajweekly


# ਨਿਗਮ ਤੇ ਕੌਂਸਲ ਚੋਣਾਂ ’ਚ ‘ਆਪ’ ਦੀ ਹੂੰਝਾ ਫੇਰ ਜਿੱਤ

**ਚੰਡੀਗੜ੍ਹ।** ਆਮ ਆਦਮੀ ਪਾਰਟੀ ਨੇ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਗਰ ਨਿਗਮਾਂ ਤੇ ਨਗਰ ਕੌਂਸਲਾਂ/ਨਗਰ ਪੰਚਾਇਤ ਚੋਣਾਂ ’ਚ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ। ਬਹੁਕੋਣੇ ਮੁਕਾਬਲੇ ’ਚ ‘ਆਪ’ ਨੇ ਵਿਰੋਧੀ ਧਿਰਾਂ ਨੂੰ ਬੁਰੀ ਤਰ੍ਹਾਂ ਪਛਾੜਿਆ ਹੈ। ਆਗਾਮੀ ਪੰਜਾਬ ਅਸੈਂਬਲੀ ਚੋਣਾਂ ਤੋਂ ਪਹਿਲਾਂ ਸਥਾਨਕ ਚੋਣਾਂ ਨੂੰ ਫ਼ਤਹਿ ਕਰ ਕੇ ‘ਆਪ’ ਨੇ ਸ਼ਹਿਰੀ ਵੋਟਰਾਂ ਦੇ ਸਰਕਾਰ ’ਤੇ ਭਰੋਸੇ ਦਾ ਸੁਨੇਹਾ ਦਿੱਤਾ ਹੈ। ਪੰਜਾਬ ’ਚ ਅੱਠ ਨਗਰ ਨਿਗਮ, 75 ਨਗਰ ਕੌਂਸਲਾਂ ਅਤੇ 19 ਨਗਰ ਪੰਚਾਇਤਾਂ ਦੇ ਕੁੱਲ 1,976 ਵਾਰਡਾਂ ’ਚੋਂ ਆਮ ਆਦਮੀ ਪਾਰਟੀ ਨੇ 957 ਵਾਰਡਾਂ (48.45 ਫ਼ੀਸਦੀ) ’ਤੇ ਜਿੱਤ ਹਾਸਲ ਕੀਤੀ ਹੈ ਜਦੋਂ ਕਿ ਕਾਂਗਰਸ ਨੇ 397 ਵਾਰਡਾਂ (20.08 ਫ਼ੀਸਦੀ) ’ਤੇ ਜੇਤੂ ਰਹਿ ਕੇ ਦੂਸਰਾ ਸਥਾਨ ਮੱਲਿਆ ਹੈ। ਭਾਜਪਾ ਨੇ 172 ਵਾਰਡਾਂ (8.70 ਫ਼ੀਸਦੀ) ’ਚ ਅਤੇ ਸ਼੍ਰੋਮਣੀ ਅਕਾਲੀ ਦਲ ਨੇ 192 ਵਾਰਡਾਂ (9.71 ਫ਼ੀਸਦੀ) ’ਚ ਜਿੱਤ ਪ੍ਰਾਪਤ ਕੀਤੀ ਹੈ ਜਦੋਂ ਕਿ ਆਜ਼ਾਦ ਉਮੀਦਵਾਰਾਂ ਨੇ 251 ਵਾਰਡਾਂ (12.69 ਫ਼ੀਸਦ) ਅਤੇ ਬਸਪਾ ਨੇ 7 (0.35) ਵਾਰਡਾਂ ’ਚ ਕਾਮਯਾਬੀ ਹਾਸਲ ਕੀਤੀ ਹੈ।

ਵੇਰਵਿਆਂ ਅਨੁਸਾਰ ਅੱਠ ਨਗਰ ਨਿਗਮਾਂ ’ਚੋਂ ‘ਆਪ’ ਮੁਹਾਲੀ, ਬਰਨਾਲਾ, ਬਟਾਲਾ, ਮੋਗਾ ਅਤੇ ਬਠਿੰਡਾ ’ਤੇ ਕਾਬਜ਼ ਹੋਈ ਹੈ ਜਦੋਂ ਕਿ ਕਪੂਰਥਲਾ ਨਿਗਮ ’ਤੇ ਕਾਂਗਰਸ ਨੇ ਜਿੱਤ ਹਾਸਲ ਕੀਤੀ ਹੈ ਅਤੇ ਅਬੋਹਰ ਨਿਗਮ ਭਾਜਪਾ ਦੀ ਝੋਲੀ ਪਿਆ ਹੈ। ਪਠਾਨਕੋਟ ਨਿਗਮ ’ਚ ਭਾਜਪਾ 20 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ। ਇਸੇ ਤਰ੍ਹਾਂ 19 ਨਗਰ ਪੰਚਾਇਤਾਂ ’ਚੋਂ ‘ਆਪ’ 9, ਸ਼੍ਰੋਮਣੀ ਅਕਾਲੀ ਦਲ ਪੰਜ ਅਤੇ ਕਾਂਗਰਸ ਇੱਕ ਮਹਿਤਪੁਰ ਨਗਰ ਪੰਚਾਇਤ ’ਤੇ ਕਾਬਜ਼ ਹੋਈ ਹੈ। ਚਾਰ ਨਗਰ ਪੰਚਾਇਤਾਂ ਆਜ਼ਾਦ ਉਮੀਦਵਾਰਾਂ ਦੀ ਝੋਲੀ ਪਈਆਂ ਹਨ। ਅਮਰਗੜ੍ਹ ਕੌਂਸਲ ’ਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਛੇ ਸੀਟਾਂ ਨਾਲ ਕਾਬਜ਼ ਹੋਇਆ ਹੈ। ਰਾਜ ਚੋਣ ਕਮਿਸ਼ਨ ਅਨੁਸਾਰ ਆਮ ਆਦਮੀ ਪਾਰਟੀ ਕੁੱਲ 102 ਸ਼ਹਿਰੀ ਸੰਸਥਾਵਾਂ ’ਚੋਂ ਸਿਰਫ਼ ਤਿੰਨ ਸ਼ਹਿਰਾਂ/ਕਸਬਿਆਂ ’ਚ ਖਾਤਾ ਨਹੀਂ ਖੋਲ੍ਹ ਸਕੀ ਜਦੋਂ ਕਿ ਬਾਕੀ ਥਾਵਾਂ ’ਤੇ ਵੱਡੀ ਜਿੱਤ ਦਰਜ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ 102 ਸ਼ਹਿਰੀ ਸੰਸਥਾਵਾਂ ’ਚੋਂ 43 ਸ਼ਹਿਰਾਂ ਤੇ ਕਸਬਿਆਂ ’ਚ ਆਪਣਾ ਖਾਤਾ ਨਹੀਂ ਖੋਲ੍ਹ ਸਕਿਆ ਜਦੋਂ ਕਿ ਪੰਜ ਨਗਰ ਪੰਚਾਇਤਾਂ ਤੋਂ ਇਲਾਵਾ ਇੱਕ ਨਗਰ ਕੌਂਸਲ ਸੰਗਤ ਅਕਾਲੀ ਦਲ ਦੀ ਝੋਲੀ ਪਈ ਹੈ। ਕਾਂਗਰਸ ਪਾਰਟੀ 30 ਸ਼ਹਿਰਾਂ ਤੇ ਕਸਬਿਆਂ ’ਚ ਖਾਤਾ ਖੋਲ੍ਹਣ ’ਚ ਨਾਕਾਮ ਰਹੀ ਹੈ। ਕਾਂਗਰਸ ਕਪੂਰਥਲਾ ਨਿਗਮ ਤੋਂ ਇਲਾਵਾ ਰਾਏਕੋਟ ਨਗਰ ਕੌਂਸਲ ’ਤੇ ਕਾਬਜ਼ ਹੋਣ ’ਚ ਸਫਲ ਹੋਈ ਹੈ। ਪਠਾਨਕੋਟ ਨਿਗਮ ’ਚ ਕਾਂਗਰਸ ਨੇ 15 ਅਤੇ ਮੁਹਾਲੀ ਨਿਗਮ ’ਚ 12 ਸੀਟਾਂ ਹਾਸਲ ਕੀਤੀਆਂ ਹਨ। ਪੱਛਮੀ ਬੰਗਾਲ ਮਗਰੋਂ ਪੰਜਾਬ ਜਿੱਤਣ ਦੇ ਖ਼ੁਆਬ ਦੇਖ ਰਹੀ ਭਾਜਪਾ ਨੂੰ ਸਥਾਨਕ ਚੋਣਾਂ ਨੇ ਵੱਡਾ ਝਟਕਾ ਦਿੱਤਾ ਹੈ। ਭਾਜਪਾ ਸਿਆਸੀ ਧਿਰਾਂ ’ਚੋਂ ਚੌਥੇ ਸਥਾਨ ’ਤੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ’ਚ ਆਪਣੇ ਗੁਆਚੇ ਆਧਾਰ ਨੂੰ ਮੁੜ ਸੁਰਜੀਤ ਕਰਨ ’ਚ ਅਸਫਲ ਰਿਹਾ ਹੈ ਅਤੇ ਕੇਵਲ ਬਠਿੰਡਾ ਮਾਨਸਾ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਇਨ੍ਹਾਂ ਚੋਣਾਂ ’ਚ 80 ਉਮੀਦਵਾਰ ਪਹਿਲਾਂ ਹੀ ਬਿਨਾਂ ਮੁਕਾਬਲੇ ਚੁਣੇ ਜਾ ਚੁੱਕੇ ਹਨ।



# ਆਸਟਰੇਲੀਆ ਦੀ ਸਿਆਸਤ ’ਚ ਮੁੜ ਭਖਿਆ ਨਸਲਵਾਦ ਤੇ ਪਰਵਾਸ ਦਾ ਮੁੱਦਾ

**ਸਿਡਨੀ।** ਆਸਟਰੇਲੀਆ ਦੀ ਸਿਆਸਤ ਵਿੱਚ ਪਰਵਾਸੀਆਂ ਅਤੇ ਨਸਲਵਾਦ ਦਾ ਮੁੱਦਾ ਇੱਕ ਵਾਰ ਫਿਰ ਚਰਚਾ ਵਿੱਚ ਹੈ। ‘ਦਿ ਸਿਡਨੀ ਮੋਰਨਿੰਗ’ ਦੀ ਰਿਪੋਰਟ ਦੱਸਦੀ ਹੈ ਕਿ ਆਉਣ ਵਾਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ‘ਵਨ ਨੇਸ਼ਨ’ ਪਾਰਟੀ ਦੀ ਵਧਦੀ ਪ੍ਰਸਿੱਧੀ ਕਾਰਨ ਲਿਬਰਲ ਅਤੇ ਨੈਸ਼ਨਲ ਪਾਰਟੀਆਂ ਉੱਤੇ ਦਬਾਅ ਵੱਧ ਰਿਹਾ ਹੈ। ਆਵਾਸ ਨੂੰ ਆਉਦੇ ਦੱਸ ਸਾਲਾਂ ਲਈ ਰੋਕ ਦੀ ਚਰਚਾ ਕੀਤੀ ਹੈ। ਵਨ ਨੇਸ਼ਨ ਦੀ ਸਥਾਪਨਾ ਪੌਲੀਨ ਹੈਨਸਨ ਨੇ 1996 ਵਿੱਚ ਕੀਤੀ ਸੀ। ਉਹ ਆਪਣੇ ਤਿੱਖੇ ਅਤੇ ਵਿਵਾਦਿਤ ਬਿਆਨਾਂ ਲਈ ਮਸ਼ਹੂਰ ਰਹੀ ਹੈ, ਖ਼ਾਸ ਕਰਕੇ ਪਰਵਾਸੀਆਂ ਅਤੇ ਮੂਲ ਨਿਵਾਸੀ ਲੋਕਾਂ ਬਾਰੇ। ਹੁਣ ਇਹ ਪਾਰਟੀ ਪਿੰਡਾਂ ਅਤੇ ਖੇਤਰੀ ਇਲਾਕਿਆਂ ਵਿੱਚ ਮਜ਼ਬੂਤ ਹੋ ਰਹੀ ਹੈ, ਜਿਸ ਨਾਲ ਵੱਡੀਆਂ ਰਾਜਨੀਤਿਕ ਪਾਰਟੀਆਂ ਚਿੰਤਤ ਹਨ। ਰਿਪੋਰਟ ਅਨੁਸਾਰ ਵੱਖ-ਵੱਖ ਲੋਕਾਂ ਨਾਲ ਗੱਲਬਾਤ ਤੋਂ ਬਾਅਦ ਪਤਾ ਲੱਗਾ ਕਿ ਮੁਲਕ ’ਚ ਨਸਲਵਾਦ ਹਾਵੀ ਹੋ ਰਿਹਾ ਹੈ। ਇਸ ਨੂੰ ਹਵਾ ਦਿੱਤੀ ਜਾ ਰਹੀ ਹੈ। ਕੁਝ ਰਾਜਸੀ ਨੇਤਾ ‘ਵਨ ਨੇਸ਼ਨ’ ਦੇ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਉਸੇ ਤਰ੍ਹਾਂ ਦੀ ਸਖ਼ਤ ਭਾਸ਼ਾ ਅਤੇ ਨੀਤੀਆਂ ਅਪਣਾਉਣ ਲੱਗ ਪਏ ਹਨ। ਇਹ ਬਹੁ ਕੌਮੀ ਭਾਈਚਾਰਿਆਂ ’ਚ ਵੰਡੀ ਪਾਉਣ ਦੀ ਬੇਤੁਕੀ ਦਿਸ਼ਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਪਰਵਾਸੀ ਭਾਈਚਾਰਿਆਂ ’ਤੇ ਪੈ ਸਕਦਾ ਹੈ, ਜਿਨ੍ਹਾਂ ਵਿੱਚ ਭਾਰਤੀ, ਪੰਜਾਬੀ ਅਤੇ ਹੋਰ ਏਸ਼ੀਆਈ ਸਮੂਹ ਵੀ ਸ਼ਾਮਲ ਹਨ। ਆਸਟਰੇਲੀਆ ਵਿੱਚ ਰਹਿੰਦੇ ਕਈ ਪਰਵਾਸੀ ਪਹਿਲਾਂ ਹੀ ਮਹਿੰਗਾਈ, ਨੌਕਰੀਆਂ ਅਤੇ ਵੀਜ਼ਾ ਸਬੰਧੀ ਦਬਾਅ ਦਾ ਸਾਹਮਣਾ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਨਸਲਵਾਦੀ ਰਾਜਨੀਤੀ ਉਨ੍ਹਾਂ ਵਿੱਚ ਅਸੁਰੱਖਿਆ ਅਤੇ ਚਿੰਤਾ ਵਧਾ ਸਕਦੀ ਹੈ। ਰਿਪੋਰਟ ਦਾ ਸੰਦੇਸ਼ ਹੈ ਕਿ ਸਮਝਦਾਰ ਨੇਤਾਵਾਂ ਨੂੰ ਨਸਲਵਾਦ ਦੇ ਖ਼ਿਲਾਫ਼ ਡਟ ਕੇ ਖੜ੍ਹਨਾ ਚਾਹੀਦਾ ਹੈ। ਇਸ ਨੂੰ ਰਾਜਨੀਤਿਕ ਦਾ ਹਿੱਸਾ ਨਹੀਂ ਬਣਾਇਆ ਜਾਣਾ ਚਾਹੀਦਾ।




# ਏਸ਼ੀਅਨ ਅੰਡਰ-20 ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੂਜਾ ਸਿੰਘ ਨੇ ਜਿੱਤਿਆ ਗੋਲਡ ਮੈਡਲ

## ਹਾਈ ਜੰਪ ਵਿੱਚ 1.93 ਮੀਟਰ ਦੀ ਉੱਚੀ ਛਾਲ ਨਾਲ ਤੋੜਿਆ 14 ਸਾਲ ਪੁਰਾਣਾ ਨੈਸ਼ਨਲ ਰਿਕਾਰਡ

**ਹਾਂਗਕਾਂਗ:** ਭਾਰਤ ਦੀ ਹਾਈ ਜੰਪ ਖਿਡਾਰਨ ਪੂਜਾ ਸਿੰਘ ਨੇ ਏਸ਼ੀਅਨ ਅੰਡਰ-20 ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਲਿਆ ਹੈ। ਸ਼ੁੱਕਰਵਾਰ ਨੂੰ ਈਵੈਂਟ ਦੇ ਦੂਜੇ ਦਿਨ ਗੋਲਡ ਮੈਡਲ ਜਿੱਤਣ ਦੇ ਨਾਲ ਹੀ ਉਨ੍ਹਾਂ ਨੇ ਨੈਸ਼ਨਲ ਰਿਕਾਰਡ ਵੀ ਤੋੜ ਦਿੱਤਾ। 19 ਸਾਲਾ ਪੂਜਾ ਨੇ ਆਪਣੇ ਕਰੀਅਰ ਦਾ ਸਰਵੋਤਮ ਪ੍ਰਦਰਸ਼ਨ ਕਰਦੇ ਹੋਏ 1.93 ਮੀਟਰ ਦੀ ਛਾਲ ਲਗਾਈ। ਉਨ੍ਹਾਂ ਨੇ ਸਹਾਨਾ ਕੁਮਾਰੀ ਦਾ 14 ਸਾਲ ਪੁਰਾਣਾ 1.92 ਮੀਟਰ ਦਾ ਰਾਸ਼ਟਰੀ ਰਿਕਾਰਡ ਤੋੜਿਆ।



**ਪੂਜਾ ਨੇ ਕਾਮਨਵੈਲਥ ਗੇਮਜ਼ ਲਈ ਕੁਆਲੀਫਾਈ ਕੀਤਾ**

ਇਸ ਤੋਂ ਪਹਿਲਾਂ ਉਨ੍ਹਾਂ ਦਾ ਸਰਵੋਤਮ ਪ੍ਰਦਰਸ਼ਨ 1.90 ਮੀਟਰ ਸੀ, ਜੋ ਉਨ੍ਹਾਂ ਨੇ ਅਪ੍ਰੈਲ 2026 ਵਿੱਚ ਦਿੱਲੀ ਵਿੱਚ ਇੰਡੀਅਨ ਐਥਲੈਟਿਕਸ ਸੀਰੀਜ਼ ਮੀਟ ਵਿੱਚ ਬਣਾਇਆ ਸੀ। ਮੌਜੂਦਾ ਏਸ਼ੀਅਨ ਚੈਂਪੀਅਨ ਪੂਜਾ ਨੇ ਪਿਛਲੇ ਸਾਲ ਦੱਖਣੀ ਕੋਰੀਆ ਵਿੱਚ ਮਹਿਲਾ ਉੱਚੀ ਛਾਲ (ਗਿਹ ਝੁਮਪ) ਦਾ ਗੋਲਡ ਮੈਡਲ ਜਿੱਤਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤੀ ਐਥਲੈਟਿਕਸ ਮਹਾਸੰਘ ਵੱਲੋਂ ਕਾਮਨਵੈਲਥ ਗੇਮਜ਼ ਲਈ ਤੈਅ ਕੀਤਾ 1.92 ਮੀਟਰ ਦਾ ਕੁਆਲੀਫਾਇੰਗ ਮਿਆਰ ਵੀ ਹਾਸਲ ਕਰ ਲਿਆ ਹੈ।

# ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਸਹਾਇਕ ਦੀ ਧੀ ਬਣੀ ਭਾਰਤੀ ਜਲ ਸੈਨਾ ਵਿੱਚ ਸਬ-ਲੈਫਟੀਨੈਂਟ

**ਚੰਡੀਗੜ੍ਹ**: ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏਐਫਪੀਆਈ) ਫਾਰ ਗਰਲਜ਼, ਐਸ.ਏ.ਐਸ. ਨਗਰ (ਮੋਹਾਲੀ) ਦੀ ਇੱਕ ਹੋਰ ਕੈਡਿਟ ਨਿਸ਼ਾ ਨੂੰ ਭਾਰਤੀ ਜਲ ਸੈਨਾ ਵਿੱਚ ਸਬ ਲੈਫਟੀਨੈਂਟ ਵਜੋਂ ਕਮਿਸ਼ਨ ਮਿਲਿਆ ਹੈ। ਉਸ ਨੇ ਇੰਡੀਅਨ ਨੇਵਲ ਅਕੈਡਮੀ, ਏਝੀਮਾਲਾ (ਕੇਰਲਾ) ਤੋਂ ਸਫਲਤਾਪੂਰਵਕ ਪਾਸ ਆਊਟ ਕੀਤਾ ਅਤੇ ਆਪਣੀ ਸੰਸਥਾ ਅਤੇ ਪਰਿਵਾਰ ਦਾ ਮਾਣ ਵਧਾਇਆ।

ਇਸ ਪ੍ਰਭਾਵਸ਼ਾਲੀ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਵਾਈਸ ਐਡਮਿਰਲ ਸਮੀਰ ਸਕਸੈਨਾ, ਜੋ ਫਲੈਗ ਅਫਸਰ ਕਮਾਂਡਿੰਗ-ਇਨ-ਚੀਫ਼ ਦੱਖਣੀ ਨੇਵਲ ਕਮਾਂਡ ਹਨ, ਵੱਲੋਂ ਕੀਤਾ ਗਿਆ। ਭਾਰਤੀ ਨੇਵੀ ਦੀ ਸਿੱਖਿਆ ਸ਼ਾਖਾ ਵਿੱਚ ਕਮਿਸ਼ਨ ਹਾਸਲ ਕਰਨ ਵਾਲੀ ਸਬ ਲੈਫਟੀਨੈਂਟ ਨਿਸ਼ਾ ਦੇ ਪਿਤਾ ਸ੍ਰੀ ਦਿਨੇਸ਼ ਚੰਦਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸੀਨੀਅਰ ਸਹਾਇਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਸਬ ਲੈਫਟੀਨੈਂਟ ਨਿਸ਼ਾ ਨੂੰ ਉਸਦੀ ਸ਼ਾਨਦਾਰ ਪ੍ਰਾਪਤੀ



ਲਈ ਵਧਾਈ ਦਿੰਦਿਆਂ ਕਿਹਾ ਕਿ ਉਸਦੀ ਸਫਲਤਾ ਪੰਜਾਬ ਦੀਆਂ ਹੋਰ ਧੀਆਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਦੀਆਂ ਚਾਹਵਾਨ ਲੜਕੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਪ੍ਰਤੀ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜੁਲਾਈ 2023 ਵਿੱਚ ਮਾਈ ਭਾਗੋ ਏਐਫਪੀਆਈ ਵਿਖੇ ਕੁੜੀਆਂ ਲਈ ਇੱਕ ਐਨਡੀਏ ਪ੍ਰਾਪਰੇਟਰੀ ਵਿੰਗ ਵੀ ਸਥਾਪਤ ਕੀਤਾ ਗਿਆ ਹੈ, ਜਿਸ ਦਾ ਤੀਜਾ ਬੈਚ ਇਸ ਸਮੇਂ ਸਿਖਲਾਈ ਪ੍ਰਾਪਤ ਕਰ ਰਿਹਾ ਹੈ।

ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ. (ਸੇਵਾਮੁਕਤ) ਨੇ ਸਬ ਲੈਫਟੀਨੈਂਟ ਨਿਸ਼ਾ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਹਥਿਆਰਬੰਦ ਸੈਨਾਵਾਂ ਵਿੱਚ ਹੋਰ ਲੜਕੀਆਂ ਨੂੰ ਸ਼ਾਮਲ ਕਰਨ ਸਬੰਧੀ ਸੂਬਾ ਸਰਕਾਰ ਦੇ ਯਤਨਾਂ ਨੂੰ ਵੱਡਾ ਹੁਲਾਰਾ ਦੇਵੇਗੀ। ਉਨ੍ਹਾਂ ਨੇ ਨਵੀਂ ਕਮਿਸ਼ਨਡ ਅਫਸਰ ਨੂੰ ਭਾਰਤੀ ਜਲ ਸੈਨਾ ਵਿੱਚ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।

# ਦੇਸ਼ 'ਚ ਵਧ ਰਹੀ ਨਕਦੀ ਦੀ ਮੰਗ; RBI ਵੱਲੋਂ 'ਪਲਾਸਟਿਕ ਨੋਟ' ਚਲਾਉਣ ਦੀਆਂ ਤਿਆਰੀਆਂ ਤੇਜ਼

**ਨਵੀਂ ਦਿੱਲੀ,** ਦੇਸ਼ ਅੰਦਰ ਨਕਦੀ (ਕਰੰਸੀ) ਦੀ ਲਗਾਤਾਰ ਵਧ ਰਹੀ ਮੰਗ ਨੂੰ ਦੇਖਦਿਆਂ ਭਾਰਤੀ ਰਿਜ਼ਰਵ ਬੈਂਕ (RBI) ਨੇ ਇੱਕ ਵਾਰ ਫਿਰ ਭਾਰਤ ਵਿੱਚ 'ਪੌਲੀਮਰ' (ਪਲਾਸਟਿਕ) ਦੇ ਬੈਂਕ ਨੋਟ ਪੇਸ਼ ਕਰਨ ਦੀ ਯੋਜਨਾ 'ਤੇ ਵਿਚਾਰ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਦੇ ਹਵਾਲੇ ਨਾਲ ਸਾਹ-ਮਣੇ ਆਈਆਂ ਮੀਡੀਆ ਰਿਪੋਰਟਾਂ ਮੁਤਾਬਕ, ਆਰਬੀਆਈ ਦੀਆਂ ਪਟਨਾ ਅਤੇ ਮੁੰਬਈ ਵਿਖੇ ਹੋਈਆਂ ਹਾਲੀਆ ਬੋਰਡ ਮੀਟਿੰਗਾਂ




ਦੌਰਾਨ ਪਲਾਸਟਿਕ ਕਰੰਸੀ ਚਲਾਉਣ ਦੇ ਮੁੱਦੇ 'ਤੇ ਗੰਭੀਰ ਚਰਚਾ ਹੋਈ ਹੈ। ਪੌਲੀਮਰ ਨੋਟਾਂ ਨੂੰ ਮੁੜ ਵਿਚਾਰਨ ਦਾ ਮੁੱਖ ਕਾਰਨ ਇਹ ਹੈ ਕਿ ਇਹ ਮੌਜੂਦਾ ਸੂਤੀ ਕਾਗਜ਼ (Cotton-based paper) ਵਾਲੇ ਨੋਟਾਂ ਦੇ ਮੁਕਾਬਲੇ ਕਿਤੇ ਵੱਧ ਟਿਕਾਊ ਹੁੰਦੇ ਹਨ ਅਤੇ ਇਨ੍ਹਾਂ ਦੀ ਉਮਰ ਵੀ ਲੰਮੀ ਹੁੰਦੀ ਹੈ। ਇਸ ਦੇ ਨਾਲ ਹੀ, ਲੰਮੇ ਸਮੇਂ ਦੇ ਨਜ਼ਰੀਏ ਤੋਂ ਇਨ੍ਹਾਂ ਨੂੰ ਛਾਪਣ ਦਾ ਖ਼ਰਚਾ ਵੀ ਰਵਾਇਤੀ ਕਾਗਜ਼ੀ ਨੋਟਾਂ ਨਾਲੋਂ ਘੱਟ ਪੈਂਦਾ ਹੈ। ਕੇਂਦਰੀ ਬੈਂਕ ਇਸ ਸਬੰਧੀ ਜਲਦ ਹੀ ਇੱਕ 'ਪਾਇਲਟ ਪ੍ਰੋਜੈਕਟ' (ਟਰਾਇਲ) ਦਾ ਐਲਾਨ ਕਰ ਸਕਦਾ ਹੈ ਅਤੇ ਇਹ ਨੋਟ ਏਟੀਐਮ (ਅਠੰ) ਮਸ਼ੀਨਾਂ ਰਾਹੀਂ ਵੀ ਆਸਾਨੀ ਨਾਲ ਕੱਢੇ ਜਾ ਸਕਣਗੇ।

# 3 ਮਹੀਨਿਆਂ ਦੇ ਅੰਦਰ ਹੋਵੇਗੀ ਲੰਬਿਤ ਫੈਸਲਿਆਂ ਦੀ ਸੁਣਵਾਈ, ਸੁਪਰੀਮ ਕੋਰਟ ਵਲੋਂ ਹਾਈ ਕੋਰਟਾਂ ਨੂੰ ਨਿਰਦੇਸ਼ ਜਾਰੀ

**ਨਵੀਂ ਦਿੱਲੀ।** ਸੁਪਰੀਮ ਕੋਰਟ ਵਲੋਂ ਲੰਬਿਤ ਮਾਮਲੇ ਦੀ ਸੁਣਵਾਈ ਨੂੰ ਲੈ ਕੇ ਦੇਸ਼ ਦੀਆਂ ਸਾਰੀਆਂ ਹਾਈ ਕੋਰਟਾਂ ਨੂੰ ਫੈਸਲੇ ਦੇਣ ਵਿੱਚ ਦੇਰੀ ਨੂੰ ਰੋਕਣ ਲਈ ਬਾਈਡਿੰਗ ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਦੇ ਤਹਿਤ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਤੁਰੰਤ ਫੈਸਲੇ ਲੈਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਅੱਜ ਦੇਸ਼ ਭਰ ਦੀਆਂ ਹਾਈ ਕੋਰਟਾਂ ਨੂੰ ਕਿਸੇ ਵੀ ਲੰਬਿਤ ਮਾਮਲੇ ਵਿੱਚ ਆਦੇਸ਼ ਰਾਖਵੇਂ ਰੱਖਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਫੈਸਲੇ ਸੁਣਾਉਣ ਦਾ ਨਿਰਦੇਸ਼ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ



ਬੈਂਚ ਨੇ ਕਿਹਾ ਕਿ ਨਿੱਜੀ ਆਜ਼ਾਦੀ ਨਾਲ ਜੁੜੇ ਮਾਮਲਿਆਂ ਵਿੱਚ ਤੇਜ਼ੀ ਨਾਲ ਫੈਸਲੇ ਲੈਣ ਦੀ ਲੋੜ ਹੁੰਦੀ ਹੈ। ਬੈਂਚ ਨੇ ਕਿਹਾ ਕਿ ਜ਼ਮਾਨਤ ਅਰਜ਼ੀਆਂ ਤੇ ਹੁਕਮ ਉਸੇ ਦਿਨ ਸੁਣਾਏ ਜਾਣੇ ਚਾਹੀਦੇ ਹਨ ਅਤੇ ਜੇਕਰ ਹੁਕਮ ਰਾਖਵਾਂ ਰੱਖਿਆ ਜਾਂਦਾ ਹੈ, ਤਾਂ ਇਸਨੂੰ ਅਗਲੇ ਦਿਨ ਸੁਣਾਇਆ ਜਾਣਾ ਚਾਹੀਦਾ ਹੈ ਅਤੇ ਅਪਲੋਡ ਕੀਤਾ ਜਾਣਾ ਚਾਹੀਦਾ ਹੈ। ਕਈ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਜ਼ਮਾਨਤ ਦੇਣ ਜਾਂ ਸਜ਼ਾ ਮੁਅੱਤਲ ਕਰਨ ਦੇ ਹੁਕਮ ਤੋਂ ਤੁਰੰਤ ਬਾਅਦ ਜੇਲ੍ਹ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਚਾਰ ਅਧੀਨ ਕੈਦੀ ਜਾਂ ਦੋਸ਼ੀ ਨੂੰ ਉਸੇ ਦਿਨ ਜਾਂ ਵੱਧ ਤੋਂ ਵੱਧ ਅਗਲੇ ਦਿਨ, ਜਿੱਥੋਂ ਤੱਕ ਸੰਭਵ ਹੋ ਸਕੇ, ਰਿਹਾਅ ਕੀਤਾ ਜਾਣਾ ਚਾਹੀਦਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਮਜੀਠੀਆ ਵੱਲੋਂ 'ਆਪ' 'ਤੇ ਗੜਬੜੀ ਅਤੇ ਗੁੰਡਾਗਰਦੀ ਕਰਨ ਦੇ ਇਲਜ਼ਾਮ



**ਅੰਮ੍ਰਿਤਸਰ,** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਮਜੀਠਾ ਨਗਰ ਕੌਂਸਲ ਚੋਣਾਂ ਦੌਰਾਨ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) 'ਤੇ ਵੱਡੇ ਪੱਧਰ 'ਤੇ ਗੜਬੜੀਆਂ ਕਰਨ ਅਤੇ ਸ਼ਰੇਆਮ ਗੁੰਡਾਗਰਦੀ ਦੇ ਇਲਜ਼ਾਮ ਲਾਏ ਹਨ। ਮਜੀਠੀਆ ਨੇ ਦਾਅਵਾ ਕੀਤਾ ਕਿ ਵੋਟਾਂ ਦੀ ਗਿਣਤੀ ਦਾ ਕੰਮ ਪੂਰਾ ਹੋਣ ਦੇ ਬਾਵਜੂਦ ਦੁਪਹਿਰ ਢਾਈ ਵਜੇ ਤੱਕ ਕਿਸੇ ਵੀ ਵਾਰਡ ਦਾ ਚੋਣ ਨਤੀਜਾ ਐਲਾਨਿਆ ਨਹੀਂ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਵੋਟਾਂ ਦੀ ਗਿਣਤੀ ਵਿੱਚ ਲੱਗੇ ਅਧਿਕਾਰੀਆਂ ਨੂੰ ਸਿੱਧੇ ਮੁੱਖ ਮੰਤਰੀ ਦਫ਼ਤਰ (CMO) ਤੋਂ ਨਿਰਦੇਸ਼ ਮਿਲ ਰਹੇ ਸਨ। ਮਜੀਠੀਆ ਨੇ ਸੂਬਾ ਸਰਕਾਰ 'ਤੇ ਪ੍ਰਸ਼ਾਸਨਿਕ ਦਖਲਅੰਦਾਜ਼ੀ ਅਤੇ ਦਬਾਅ ਬਣਾ ਕੇ ਚੋਣ ਨਤੀਜਿਆਂ ਵਿੱਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਦੇ ਦੋਸ਼ ਵੀ ਲਾਏ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਕਾਲੀ ਦਲ ਇਨ੍ਹਾਂ ਕਥਿਤ ਗੜਬੜੀਆਂ ਦਾ ਸਖ਼ਤ ਵਿਰੋਧ ਕਰੇਗਾ ਅਤੇ ਮਿਉਂਸਪਲ ਚੋਣਾਂ ਵਿੱਚ ਹੋਈ ਇਸ ਧੱਕੇਸ਼ਾਹੀ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕਰੇਗਾ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਉਸਾਰੀ ਅਧੀਨ ਪੁੱਲ ਦਾ ਵੱਡਾ ਹਿੱਸਾ ਢਹਿਣ ਕਾਰਨ 6 ਮਜ਼ਦੂਰਾਂ ਦੀ ਮੌਤ

**ਹਮੀਰਪੁਰ।** ਉੱਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਵਿੱਚ ਅੱਜ ਸਵੇਰੇ ਬੇਤਵਾ ਨਦੀ ਤੇ ਬਣ ਰਹੇ ਇੱਕ ਪੁਲ ਦਾ ਇੱਕ ਵੱਡਾ ਹਿੱਸਾ ਅਚਾਨਕ ਢਹਿ-ਢੇਰੀ ਹੋ ਗਿਆ, ਜਿਸ ਨਾਲ ਮਲਬੇ ਹੇਠ ਦੱਬਣ ਨਾਲ ਛੇ ਮਜ਼ਦੂਰਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਇਹ ਹਾਦਸਾ ਅੱਜ ਸਵੇਰੇ 3 ਵਜੇ ਦੇ ਕਰੀਬ ਵਾਪਰਿਆ। ਉਸ ਸਮੇਂ ਸਾਰੇ ਮਜ਼ਦੂਰ ਆਪਣਾ ਕੰਮ ਖ਼ਤਮ ਕਰਕੇ ਪੁਲ ਦੇ ਹੇਠਾਂ ਸੌਂ ਰਹੇ ਸਨ। ਘਟਨਾ ਦੀ ਸੂਚਨਾ ਮਿਲਣ ਤੇ ਪਹੁੰਚੀ ਪੁਲੀਸ ਵਲੋਂ ਰਾਹਤ ਬਚਾਅ ਕਾਰਜ ਕੀਤੇ ਜਾ ਰਹੇ ਹਨ। ਮ੍ਰਿਤਕਾਂ ਦੀ ਪਛਾਣ ਲੋਕੇਂਦਰ (22), ਕੁਲਦੀਪ ਨਿਸ਼ਾਦ (19), ਸਾਵੰਤ ਯਾਦਵ (28), ਸਭਾਜੀਤ (30), ਪੁਸ਼ਪੇਂਦਰ ਚੌਹਾਨ (34) ਅਤੇ ਰਾਜੇਸ਼ ਪਾਲ (42) ਵਜੋਂ ਹੋਈ ਹੈ। ਸਥਾਨਕ ਨਿਵਾਸੀਆਂ ਅਤੇ ਚਸ਼ਮਦੀਦਾਂ ਦੇ ਅਨੁਸਾਰ, ਰਾਤ ਨੂੰ ਅਚਾਨਕ ਮੌਸਮ ਬਦਲਣ ਕਾਰਨ ਤੇਜ਼ ਹਨ੍ਹੇਰੀ-ਤੂਫ਼ਾਨ ਸ਼ੁਰੂ ਹੋਇਆ ਸੀ। ਇਸ ਦੌਰਾਨ ਨਿਰਮਾਣ ਅਧੀਨ ਪੁਲ ਦਾ ਇੱਕ ਹਿੱਸਾ ਢਹਿ-ਢੇਰੀ ਹੋ ਗਿਆ। ਇਸ ਘਟਨਾ ਦੌਰਾਨ ਮਜ਼ਦੂਰ, ਜੋ ਗੂੜ੍ਹੀ ਨੀਂਦ ਸੁੱਤੇ ਪਏ ਸਨ, ਨੂੰ ਬਚਣ ਦਾ ਮੌਕਾ ਵੀ ਨਹੀਂ ਮਿਲਿਆ ਅਤੇ ਭਾਰੀ ਮਲਬੇ ਹੇਠ ਜ਼ਿੰਦਾ ਦੱਬ ਗਏ। ਹਾਦਸੇ ਵਿਚ ਜਾਨ ਗਵਾਉਣ ਵਾਲੇ ਮਜ਼ਦੂਰ ਬਾਂਦਾ ਅਤੇ ਹਮੀਰਪੁਰ ਜ਼ਿਲ੍ਹਿਆਂ ਦੇ ਵਸਨੀਕ ਦੱਸੇ ਜਾ ਰਹੇ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪ੍ਰਸ਼ਾਸਨ, ਪੁਲੀਸ ਅਤੇ ਐਸਡੀਆਰਐਫ ਦੀਆਂ ਟੀਮਾਂ ਮੌਕੇ ਤੇ ਪਹੁੰਚੀਆਂ। ਇਸ ਵੇਲੇ, ਮਲਬਾ ਹਟਾਉਣ ਅਤੇ ਫਸੇ ਹੋਏ ਪੀੜਤਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਅਧਿਕਾਰੀਆਂ ਅਨੁਸਾਰ ਘੱਟੋ-ਘੱਟ ਤਿੰਨ ਮਜ਼ਦੂਰ ਅਜੇ ਵੀ



ਖੰਭੇ ਹੇਠ ਫਸੇ ਹੋਏ ਹਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਲਬੇ ਦੀ ਸਥਿਤੀ ਨੂੰ ਦੇਖਦੇ ਹੋਏ ਇਹ ਖਦਸ਼ਾ ਹੈ ਕਿ ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ।ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹਾਦਸੇ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਲਾਲਪੁਰਾ ਪੁਲੀਸ ਸਟੇਸ਼ਨ ਦੇ ਇੰਚਾਰਜ ਰਾਜੇਸ਼ ਕੁਮਾਰ ਸਰੋਜ ਨੇ ਦੱਸਿਆ ਕਿ ਸਟੇਟ ਡਿਜ਼ਾ-ਸਟਰ ਰਿਸਪਾਂਸ ਫੋਰਸ ਦੀ ਟੀਮ ਨੇ ਤਿੰਨ ਜ਼ਖਮੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ ਹੈ। ਮੁੱਖ ਮੰਤਰੀ ਨੇ ਐਕਸ ਤੇ ਪੋਸਟ ਕੀਤਾ ਅਤੇ ਕਿਹਾ ਕਿ ਹਮੀਰਪੁਰ ਜ਼ਿਲ੍ਹੇ ਵਿੱਚ ਬੇਤਵਾ ਨਦੀ ਤੇ ਇੱਕ ਮੰਦਭਾਗੀ ਹਾਦਸੇ ਵਿੱਚ ਜਾਨੀ ਨੁਕਸਾਨ ਬਹੁਤ ਦੁਖਦਾਈ ਅਤੇ ਦਿਲ ਤੋੜਨ ਵਾਲਾ ਹੈ। ਮੇਰੀਆਂ ਸੰਵੇਦਨਾਵਾਂ ਦੁਖੀ ਪਰਿਵਾਰਾਂ ਨਾਲ ਹਨ। ਉਨ੍ਹਾਂ ਕਿਹਾ ਕਿ ਉਹ ਭਗਵਾਨ ਸ਼੍ਰੀ ਰਾਮ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਣ ਅਤੇ ਜ਼ਖਮੀਆਂ ਨੂੰ ਜਲਦੀ ਠੀਕ ਹੋਣ। ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਐਸ ਡੀ ਆਰ ਐਫ ਨਾਲ ਤਾਲਮੇਲ ਕਰਨ ਅਤੇ ਰਾਹਤ ਅਤੇ ਬਚਾਅ ਕਾਰਜਾਂ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਸੁਪਰੀਮ ਕੋਰਟ ਨੇ ਵਿਨੇਸ਼ ਫੋਗਾਟ ਨੂੰ ਏਸ਼ੀਅਨ ਖੇਡਾਂ ਦੇ ਟਰਾਇਲ ਦੀ ਇਜਾਜ਼ਤ ਦਿੱਤੀ



**ਨਵੀ ਦਿੱਲੀ।** ਸੁਪਰੀਮ ਕੋਰਟ ਨੇ ਮਹਿਲਾ ਪਹਿਲਵਾਨ ਅਤੇ ਓਲੰਪੀਅਨ ਕੁਸ਼ਤੀ ਖਿਡਾਰੀ ਵਿਨੇਸ਼ ਫੋਗਾਟ ਨੂੰ ਏਸ਼ੀਅਨ ਖੇਡਾਂ ਦੇ ਟਰਾਇਲ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਟਰਾਇਲ 30 ਅਤੇ 31 ਮਈ ਨੂੰ ਦਿੱਲੀ ਵਿੱਚ ਹੋਣੇ ਹਨ। ਬੀਤੇ ਦਿਨੀਂ ਡਬਲਯੂ ਐਫ ਆਈ ਨੇ ਟਰਾਇਲ ਰੋਕਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਲਗਾਈ ਸੀ, ਜਿਸ ਨੂੰ ਜਸਟਿਸ ਪੀਐਸ ਨਰਸਿਮ੍ਹਾ ਅਤੇ ਜਸਟਿਸ ਆਲੋਕ ਆਰਾਧੇ ਦੀ ਬੈਂਚ ਨੇ ਖਾਰਜ ਕਰ ਦਿੱਤਾ। ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਦੇਸ਼ ਪ੍ਰਤੀ ਵਿਨੇਸ਼ ਫੋਗਾਟ ਦੇ ਯੋਗਦਾਨ ਦਾ ਸਨਮਾਨ ਕੀਤਾ।

ਇਨ੍ਹਾਂ ਟਰਾਇਲਾਂ ਵਿੱਚ ਪ੍ਰਦਰਸ਼ਨ ਦੇ ਅਧਾਰ ਤੇ ਸਤੰਬਰ ਵਿੱਚ ਜਾਪਾਨ ਵਿੱਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਲਈ ਖਿਡਾਰੀਆਂ ਦੀ ਚੋਣ ਕੀਤੀ ਜਾਵੇਗੀ। ਦਿੱਲੀ ਹਾਈ ਕੋਰਟ ਨੇ 22 ਮਈ ਨੂੰ ਦਿੱਤੇ ਆਪਣੇ ਹੁਕਮਾਂ ਵਿੱਚ ਵਿਨੇਸ਼ ਫੋਗਾਟ ਨੂੰ 30-31 ਮਈ ਨੂੰ ਹੋਣ ਵਾਲੇ ਚੋਣ ਟਰਾਇਲਾਂ ਵਿੱਚ ਭਾਗ ਲੈਣ ਦੀ ਇਜਾਜ਼ਤ ਦਿੱਤੀ ਸੀ। ਡਬਲਯੂ ਐਫ ਆਈ ਨੇ ਇਸੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਨਿਰਦੇਸ਼ ਦਿੱਤਾ ਸੀ ਕਿ ਟਰਾਇਲ ਦੀ ਪੂਰੀ ਪ੍ਰਕਿਰਿਆ ਦੀ ਵੀਡੀਓ ਰਿਕਾਰਡਿੰਗ ਕਰਵਾਈ ਜਾਵੇ। ਇਸ ਨੂੰ ਪਾਰਦਰਸ਼ੀ ਬਣਾਉਣ ਲਈ ਭਾਰਤੀ ਖੇਡ ਅਥਾਰਟੀ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਨਿਯੁਕਤ ਕੀਤੇ ਗਏ ਸੁਤੰਤਰ ਸੁਪਰਵਾਈਜ਼ਰਾਂ ਦੀ ਨਿਗਰਾਨੀ ਵਿੱਚ ਕਰਵਾਇਆ ਜਾਵੇ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਰਣਦੀਪ ਸਿੰਘ ਸਰਾਏ ਨਾਲ ਮੁਲਾਕਾਤ ਦੌਰਾਨ ਢੇਸੀ ਨੇ ਚੁੱਕੇ ਰੱਖਿਆ ਤੇ ਵਿਕਾਸ ਨਾਲ ਜੁੜੇ ਮੁੱਦੇ

## *ਬਰਤਾਨੀਆ–ਕੈਨੇਡਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਰੱਖਿਆ ਤੇ ਵਿਕਾਸ ਖੇਤਰਾਂ ਵਿਚ ਸਹਿਯੋਗ ਵਧਾਉਣ 'ਤੇ ਜ਼ੋਰ

**ਲੈਸਟਰ (ਇੰਗਲੈਂਡ),** 29 ਮਈ (ਸੁਖਜਿੰਦਰ ਸਿੰਘ ਢੱਡੇ)– ਬਰਤਾਨੀਆ ਦੇ ਸਲੋਹ ਹਲਕੇ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕੈਨੇਡਾ ਦੇ ਅੰਤਰਰਾਸ਼ਟਰੀ ਵਿਕਾਸ ਮਾਮਲਿਆਂ ਦੇ ਸਕੱਤਰ ਅਤੇ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨਾਲ ਇੰਗਲੈਂਡ ਚ ਮੁਲਿਕਾਤ ਕੀਤੀ ਅਤੇ ਨਿੱਘਾ ਸਵਾਗਤ ਕੀਤਾ। ਦੋਵੇਂ ਆਗੂਆਂ ਵਿਚਾਲੇ ਹੋਈ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਬਰਤਾਨੀਆ ਅਤੇ ਕੈਨੇਡਾ ਦਰਮਿਆਨ ਦੋਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ, ਰੱਖਿਆ ਅਤੇ ਅੰਤਰਰਾਸ਼ਟਰੀ ਵਿਕਾਸ ਦੇ ਖੇਤਰਾਂ ਵਿੱਚ ਸਾਂਝੇ ਯਤਨਾਂ ਨੂੰ ਅੱਗੇ ਵਧਾਉਣ ਅਤੇ ਵਿਸ਼ਵ ਪੱਧਰ 'ਤੇ ਪੈਦਾ ਹੋ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਪਸੀ ਸਹਿਯੋਗ ਵਧਾਉਣ ਬਾਰੇ ਵਿਸਥਾਰਪੂਰਵਕ ਵਿਚਾਰ–ਵਟਾਂਦਰਾ ਕੀਤਾ ਗਿਆ।

ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਇਸ ਮੌਕੇ ਕਿਹਾ ਕਿ ਬਰਤਾਨੀਆ ਅਤੇ ਕੈਨੇਡਾ ਵਿਚਾਲੇ ਇਤਿਹਾਸਕ, ਸੱਭਿਆਚਾਰਕ ਅਤੇ ਲੋਕਤੰਤਰੀ ਕਦਰਾਂ–ਕੀਮਤਾਂ ਦੀ ਮਜ਼ਬੂਤ ਸਾਂਝ ਹੈ, ਜਿਸ ਦੇ ਆਧਾਰ 'ਤੇ ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਅਮਨ, ਸਥਿਰਤਾ ਅਤੇ ਵਿਕਾਸ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਰੱਖਿਆ, ਸੁਰੱਖਿਆ, ਮਨੁੱਖੀ ਭਲਾਈ ਅਤੇ ਅੰਤਰਰਾਸ਼ਟਰੀ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਸਾਂਝੇ ਯਤਨਾਂ ਦੀ ਪਹਿਲਾਂ ਨਾਲੋਂ ਵਧੇਰੇ ਲੋੜ ਹੈ।

ਮੁਲਾਕਾਤ ਦੌਰਾਨ ਰਣਦੀਪ ਸਿੰਘ ਸਰਾਏ ਅਤੇ ਤਨਮਨਜੀਤ ਸਿੰਘ ਢੇਸੀ ਨੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਅਤੇ



ਮੁਲਾਕਾਤ ਦੌਰਾਨ ਤਨਮਨਜੀਤ ਸਿੰਘ ਢੇਸੀ ਅਤੇ ਰਣਦੀਪ ਸਿੰਘ ਸਰਾਏ ਇਕ ਦੂਜੇ ਨਾਲ ਹੱਥ ਮਿਲਾਉਂਦੇ ਹੋਏ। ਤਸਵੀਰ:- ਸੁਖਜਿੰਦਰ ਸਿੰਘ ਢੱਡੇ

ਪੰਜਾਬੀ ਭਾਈਚਾਰੇ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਯੋਗਦਾਨਾਂ ਦੀ ਵੀ ਸ਼ਲਾਘਾ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਪੰਜਾਬੀ ਮੂਲ ਦੇ ਲੋਕਾਂ ਨੇ ਬਰਤਾਨੀਆ, ਕੈਨੇਡਾ ਅਤੇ ਦੁਨੀਆ ਦੇ ਹੋਰ ਕਈ ਦੇਸ਼ਾਂ ਵਿੱਚ ਸਖ਼ਤ ਮਿਹਨਤ, ਇਮਾਨਦਾਰੀ ਅਤੇ ਸਮਾਜ ਸੇਵਾ ਦੀ ਭਾਵਨਾ ਰਾਹੀਂ ਵਿਲੱਖਣ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਸਿੱਖ ਅਤੇ ਪੰਜਾਬੀ ਭਾਈਚਾਰਾ ਨਾ ਸਿਰਫ਼ ਆਪਣੇ–ਆਪਣੇ ਦੇਸ਼ਾਂ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ, ਸਗੋਂ ਬਹੁ–ਸੱਭਿਆਚਾਰਕ ਸਮਾਜਾਂ ਨੂੰ ਮਜ਼ਬੂਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੀ ਧਰਤੀ ਨਾਲ ਜੁੜੇ ਲੋਕ ਅੱਜ ਵਿਸ਼ਵ ਦੇ ਵੱਖ–ਵੱਖ ਦੇਸ਼ਾਂ ਦੀਆਂ ਸੰਸਦਾਂ, ਸਰਕਾਰਾਂ ਅਤੇ ਅਹਿਮ ਸੰਸਥਾਵਾਂ ਵਿੱਚ ਅਗਵਾਈ ਵਾਲੀਆਂ ਭੂਮਿਕਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਰਣਦੀਪ ਸਿੰਘ ਸਰਾਏ ਵਰਗੇ ਆਗੂਆਂ ਦੀਆਂ ਪ੍ਰਾਪਤੀਆਂ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹਨ। ਦੋਵਾਂ ਆਗੂਆਂ ਨੇ ਇਹ ਵੀ ਪ੍ਰਗਟਾਇਆ ਕਿ ਬਰਤਾਨੀਆ ਅਤੇ ਕੈਨੇਡਾ ਵਿਚਾਲੇ ਵਪਾਰ, ਨਿਵੇਸ਼, ਸੁਰੱਖਿਆ, ਸਿੱਖਿਆ ਅਤੇ ਵਿਕਾਸ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਬੇਅੰਤ ਸੰਭਾਵਨਾਵਾਂ ਮੌਜੂਦ ਹਨ ਅਤੇ ਭਵਿੱਖ ਵਿੱਚ ਦੋਵੇਂ ਦੇਸ਼ ਇਨ੍ਹਾਂ ਖੇਤਰਾਂ ਵਿੱਚ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਵਿਸ਼ਵ ਪੱਧਰ 'ਤੇ ਸ਼ਾਂਤੀ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਟਿਕਾਊ ਵਿਕਾਸ ਦੇ ਟੀਚਿਆਂ ਦੀ ਪ੍ਰਾਪਤੀ ਲਈ ਸਾਂਝੇ ਯਤਨਾਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਦੋਵੇਂ ਆਗੂਆਂ ਨੇ ਆਪਸੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਸਾਂਝੇ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਭਵਿੱਖ ਵਿੱਚ ਵੀ ਨਿਰੰਤਰ ਸੰਪਰਕ ਬਣਾਈ ਰੱਖਣ ਦੀ ਵਚਨਬੱਧਤਾ ਪ੍ਰਗਟਾਈ।

# ਨਗਰ ਕੌਂਸਲ ਰਾਏਕੋਟ ਚੋਣਾਂ ’ਚ ਕਾਂਗਰਸ ਦਾ ਦਬਦਬਾ ਕਾਇਮ

## 15 ਵਿੱਚੋਂ 11 ਵਾਰਡਾਂ ’ਤੇ ਸ਼ਾਨਦਾਰ ਜਿੱਤ, ਆਪ ਨੂੰ 4 ਸੀਟਾਂ ਨਾਲ ਕਰਨਾ ਪਿਆ ਸੰਤੋਖ







**ਰਾਏਕੋਟ,** ਗੁਰਭਿੰਦਰ ਗੁਰੀ : ਨਗਰ ਕੌਂਸਲ ਰਾਏਕੋਟ ਦੀਆਂ ਚੋਣਾਂ ਦੇ ਅੱਜ ਐਲਾਨੇ ਨਤੀਜਿਆਂ ਵਿੱਚ ਕਾਂਗਰਸ ਪਾਰਟੀ ਨੇ ਧਮਾਕੇਦਾਰ ਪ੍ਰਦਰਸ਼ਨ ਕਰਦਿਆਂ 15 ਵਿੱਚੋਂ 11 ਵਾਰਡਾਂ ’ਤੇ ਜਿੱਤ ਦਰਜ ਕਰਕੇ ਨਗਰ ਕੌਂਸਲ ’ਤੇ ਮੁੜ ਆਪਣਾ ਕਬਜ਼ਾ ਬਰਕਰਾਰ ਰੱਖਿਆ ਹੈ। ਚੋਣ ਨਤੀਜਿਆਂ ਤੋਂ ਬਾਅਦ ਕਾਂਗਰਸੀ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਸ਼ਹਿਰ ਵਿੱਚ ਕਈ ਥਾਵਾਂ ’ਤੇ ਜਸ਼ਨ ਮਨਾਏ ਗਏ।

ਚੋਣ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਰੀਨਾ ਰਾਣੀ ਨੇ 419 ਵੋਟਾਂ ਹਾਸਲ ਕਰਦਿਆਂ 24 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 2 ਤੋਂ ਕਾਂਗਰਸ ਦੇ ਉਮੀਦਵਾਰ ਸੁਖਵਿੰਦਰ ਸਿੰਘ ਨੇ 537 ਵੋਟਾਂ ਲੈ ਕੇ 188 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ।

ਵਾਰਡ ਨੰਬਰ 3 ਤੋਂ ਕਾਂਗਰਸੀ ਉਮੀਦਵਾਰ ਪ੍ਰਦੀਪ ਕੌਰ ਨੇ 434 ਵੋਟਾਂ ਨਾਲ 159 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ, ਜਦਕਿ ਵਾਰਡ ਨੰਬਰ 4 ਤੋਂ ਕਾਂਗਰਸ ਦੇ ਜਗਦੇਵ ਸਿੰਘ ਜੱਗਾ ਨੇ 825 ਵੋਟਾਂ ਹਾਸਲ ਕਰਦਿਆਂ 451 ਵੋਟਾਂ ਦੇ ਵੱਡੇ ਅੰਤਰ ਨਾਲ ਵਿਰੋਧੀਆਂ ਨੂੰ ਮਾਤ ਦਿੱਤੀ।

ਵਾਰਡ ਨੰਬਰ 5 ਤੋਂ ਕਾਂਗਰਸ ਦੀ ਪਰਮਜੀਤ ਕੌਰ 47 ਵੋਟਾਂ ਨਾਲ ਜੇਤੂ ਰਹੀ। ਵਾਰਡ ਨੰਬਰ



6 ਤੋਂ ਕਾਂਗਰਸੀ ਉਮੀਦਵਾਰ ਚਰਨਜੀਵ ਕੁਮਾਰ ਨੇ 208 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 7 ਤੋਂ ਕਾਂਗਰਸ ਦੀ ਸ਼ਰਨਜੀਤ ਕੌਰ ਨੇ 680 ਵੋਟਾਂ ਲੈ ਕੇ 381 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ।

ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਾਹਿਲ ਗੋਇਲ ਨੇ 389 ਵੋਟਾਂ ਨਾਲ 90 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 9 ਤੋਂ ਆਪ ਦੀ ਉਮੀਦਵਾਰ ਅਮਨਜੋਤ ਕੌਰ ਕਹਿਲ ਨੇ 545 ਵੋਟਾਂ ਲੈ ਕੇ 161 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ।

ਵਾਰਡ ਨੰਬਰ 10 ਤੋਂ ਕਾਂਗਰਸ ਦੇ ਸੰਜੇ ਕੁਮਾਰ ਨੇ 489 ਵੋਟਾਂ ਨਾਲ 169 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 11 ਤੋਂ ਕਾਂਗਰਸ ਦੀ ਬਲਜੀਤ ਕੌਰ 26 ਵੋਟਾਂ ਨਾਲ ਜੇਤੂ ਰਹੀ।

ਵਾਰਡ ਨੰਬਰ 12 ਤੋਂ ਕਾਂਗਰਸ ਦੇ ਬਲਜਿੰਦਰ ਸਿੰਘ ਰਿੰਪਾ ਨੇ ਕੇਵਲ 6 ਵੋਟਾਂ ਦੇ ਨਜ਼ਦੀਕੀ ਮੁਕਾਬਲੇ ਵਿੱਚ ਜਿੱਤ ਹਾਸਲ ਕੀਤੀ। ਵਾਰਡ ਨੰਬਰ 13 ਵਿੱਚ ਕਾਂਗਰਸ ਦੀ ਅਮਨਦੀਪ ਕੌਰ ਗਰੇਵਾਲ ਨੇ ਸਿਰਫ 2 ਵੋਟਾਂ ਦੇ ਰੋਮਾਂਚਕ ਫਰਕ ਨਾਲ ਜਿੱਤ ਦਰਜ ਕੀਤੀ।

ਵਾਰਡ ਨੰਬਰ 14 ਤੋਂ ਆਮ ਆਦਮੀ ਪਾਰਟੀ ਦੇ ਮਨਜਿੰਦਰ ਸਿੰਘ ਕਾਕੂ ਨੇ 64 ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਵਾਰਡ ਨੰਬਰ 15 ਤੋਂ ਕਾਂਗਰਸ ਦੇ ਸੁਖਵੀਰ ਸਿੰਘ ਰਾਏ ਨੇ ਬਹੁਤ ਹੀ ਕੜੇ ਮੁਕਾਬਲੇ ਵਿੱਚ ਸਿਰਫ 3 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਪ' ਦੀਆਂ ਲੋਕ-ਪੱਖੀ ਨੀਤੀਆਂ ਸਦਕਾ ਹੋਈ ਇਤਿਹਾਸਕ ਜਿੱਤ: ਕਰਨਵੀਰ ਕਟਾਰੀਆ

**ਜਿਲਾ ਪ੍ਰੀਸ਼ਦ ਮੈਂਬਰ ਕਟਾਰੀਆ ਅਤੇ ਹਨੀ ਜੋਗੇਵਾਲ ਨੇ ਨਵਾਂਸ਼ਹਿਰ ਵਾਰਡ ਨੰਬਰ 2 ਤੋਂ ਜੇਤੂ ਉਮੀਦਵਾਰ ਜਸਕਰਨ ਜੈਜ਼ੀ ਚੋਧਰੀ ਨੂੰ ਦਿੱਤੀ ਵਧਾਈ; ਵੋਟਰਾਂ ਦਾ ਕੀਤਾ ਧੰਨਵਾਦ**



ਨਵਾਂਸ਼ਹਿਰ, 29 ਮਈ (ਜਤਿੰਦਰ ਪਾਲ ਸਿੰਘ ਕਲੇਰ) : ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਸਦਕਾ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਸੇ ਤਹਿਤ ਅੱਜ ਆਮ ਆਦਮੀ ਪਾਰਟੀ ਦੇ ਸੀਨੀਅਰ ਨੌਜਵਾਨ ਆਗੂ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕਰਨਵੀਰ ਕਟਾਰੀਆ ਅਤੇ ਹਨੀ ਨੰਬਰਦਾਰ ਜੋਗੇਵਾਲ ਨੇ ਨਵਾਂਸ਼ਹਿਰ ਵਾਰਡ ਨੰਬਰ 2 ਤੋਂ ਪਾਰਟੀ ਦੇ ਸ਼ਾਨਦਾਰ ਜਿੱਤ ਦਰਜ ਕਰਨ ਵਾਲੇ ਉਮੀਦਵਾਰ ਜਸਕਰਨ ਜੈਜ਼ੀ ਚੋਧਰੀ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਮੂੰਹ ਮਿੱਠਾ ਇਸ ਮੌਕੇ ਹਲਕੇ ਦੇ ਵੋਟਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕਰਨਵੀਰ ਕਟਾਰੀਆ ਅਤੇ ਹਨੀ ਨੰਬਰਦਾਰ ਜੋਗੇਵਾਲ ਨੇ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਲੋਕ-ਹਿੱਤੂ ਨੀਤੀਆਂ 'ਤੇ ਜਨਤਾ ਦੀ ਲੱਗੀ ਵੱਡੀ ਮੋਹਰ ਹੈ। ਉਨ੍ਹਾਂ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੀਆਂ ਰਾਜਨੀਤਿਕ ਚਾਲਾਂ ਨੂੰ ਨਕਾਰ ਕੇ 'ਆਪ' ਦੀ ਇਮਾਨਦਾਰ ਅਤੇ ਵਿਕਾਸਵਾਦੀ ਸੋਚ ਦੇ ਨਾਲ ਚੱਲ ਰਹੇ ਹਨ।ਆਗੂਆਂ ਨੇ ਭਰੋਸਾ ਦਿਵਾਇਆ ਕਿ ਜੇਤੂ ਉਮੀਦਵਾਰ ਜਸਕਰਨ ਚੋਧਰੀ ਜੈਜ਼ੀ ਵਾਰਡ ਨੰਬਰ 2 ਦੇ ਨਿਵਾਸੀਆਂ ਦੀਆਂ ਉਮੀਦਾਂ 'ਤੇ ਪੂਰੇ ਖਰੇ ਉਤਰਨਗੇ ਅਤੇ ਬਿਨਾਂ ਕਿਸੇ ਪੱਖਪਾਤ ਦੇ ਵਾਰਡ ਦੇ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇਣਗੇ। ਇਸ ਦੌਰਾਨ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਨੇ ਜੇਤੂ ਉਮੀਦਵਾਰ ਦੇ ਪੱਖ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

# ਐਨ ਐਸ ਡੀ ਸੀ ਦੇ ਸਲਾਹਕਾਰ ਡਾ. ਸੰਦੀਪ ਕੌੜਾ 'ਤੇ ਕਰੋੜਾਂ ਦੇ ਘੁਟਾਲੇ ਦਾ ਦੋਸ਼



**ਨਵਾਂਸ਼ਹਿਰ 29 ਮਈ ( ਜਤਿੰਦਰ ਸਿੰਘ ਕਲੇਰ )** ਸੰਦੀਪ ਸਿੰਘ ਕੌੜਾ ਸਲਾਹਕਾਰ ਐਨ ਐਸ ਡੀ ਸੀ 'ਤੇ ਨਵਾਂਸ਼ਹਿਰ ਪੁਲਿਸ ਨੇ ਇੱਕ ਕਥਿਤ ਬਹੁ-ਕਰੋੜੀ ਘੁਟਾਲੇ ਦਾ ਦੋਸ਼ ਲਗਾਇਆ ਹੈ। ਇਸ ਘੁਟਾਲੇ ਵਿੱਚ ਐਨ ਐਸ ਡੀ ਸੀ ਤੋਂ ਪ੍ਰਾਪਤ ਹੋਏ 1.10 ਕਰੋੜ ਰੁਪਏ ਉਨ੍ਹਾਂ ਦੇ ਨਿੱਜੀ ਖਾਤੇ ਵਿੱਚ ਭੇਜਣਾ ਸ਼ਾਮਲ ਹੈ। ਸ਼੍ਰੀ ਕੌੜਾ ਨੂੰ ਮਈ 2025 ਵਿੱਚ ਐਨ ਐਸ ਡੀ ਸੀ ਤੋਂ ਹਟਾ ਦਿੱਤਾ ਗਿਆ ਸੀ ਪਰ ਮੌਜੂਦਾ ਸੀ ਈ ਓ ਸ਼੍ਰੀ ਅਰੁਣ ਕੁਮਾਰ ਪਿੱਲਈ ਨੇ ਉਨ੍ਹਾਂ ਨੂੰ ਦੁਬਾਰਾ ਨਿਯੁਕਤ ਕੀਤਾ ਹੈ। ਇਹ ਸ਼੍ਰੀ ਕੌੜਾ ਦੇ ਕੰਮਕਾਜ ਵਿੱਚ ਐਨ ਐਸ ਡੀ ਸੀ ਦੀ ਸ਼ਮੂਲੀਅਤ ਦਾ ਸ਼ੱਕ ਪੈਦਾ ਕਰਦਾ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਐਨ ਐਸ ਡੀ ਸੀ ਦੇ ਸਾਬਕਾ ਸੀ ਈ ਓ ਨੇ ਚੰਡੀਗੜ੍ਹ ਦੇ ਐਲਾਂਟੇ ਮਾਲ ਵਿੱਚ ਸ਼੍ਰੀ ਸੰਦੀਪ ਕੌੜਾ ਲਈ ਇੱਕ ਆਲੀਸ਼ਾਨ ਦਫ਼ਤਰ ਸਥਾਪਤ ਕੀਤਾ ਸੀ, ਜਿਸਦਾ ਮਕਸਦ ਐਨ ਐਸ ਡੀ ਸੀ ਨੂੰ ਸਭ ਤੋਂ ਵੱਧ ਪਤਾ ਹੈ। ਇਹ ਸ਼੍ਰੀ ਵੇਦ ਮਨੀ ਤਿਵਾੜੀ ਦੇ ਜਾਣ ਤੋਂ ਬਾਅਦ ਬੰਦ ਪਿਆ ਹੈ। ਉਹ ਜ਼ਿਲ੍ਹਾ ਸ ਭ ਸ ਨਗਰ ਵਿੱਚ ਰੋਪੜ ਨੇੜੇ ਰੈਲਮਾਜਰਾ ਵਿਖੇ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੇ ਸਾਬਕਾ ਚਾਂਸਲਰ ਰਹੇ। ਡਾ. ਸੰਦੀਪ ਸਿੰਘ ਕੌੜਾ, ਗੰਭੀਰ ਬੇਨਿਯਮੀਆਂ ਅਤੇ ਯੂਨੀਵਰਸਿਟੀ ਫੰਡਾਂ ਦੀ ਦੁਰਵਰਤੋਂ ਨਾਲ ਜੁੜੇ ਇੱਕ ਕਥਿਤ ਬਹੁ-ਕਰੋੜੀ ਵਿੱਤੀ ਘੁਟਾਲੇ ਦੇ ਸਬੰਧ ਵਿੱਚ ਲਾਏ ਗਏ ਸਨ ਇਸ ਸਬੰਧੀ ਐਫ ਆਈ ਆਰ ਲੈਮਰਿਨ ਟੈਕ ਸਕਿਲਜ ਯੂਨੀਵਰਸਿਟੀ ਦੇ ਮਾਲਕ ਅਤੇ ਪ੍ਰਮੋਟਰ ਨਿਰਮਲ ਸਿੰਘ ਰਿਆਤ ਦੀ ਸ਼ਿਕਾਇਤ 'ਤੇ ਐਸਐਸਪੀ ਸ਼ਹੀਦ ਭਗਤ ਸਿੰਘ ਨਗਰ ਦੇ ਨਿਰਦੇਸ਼ਾਂ ਅਤੇ ਜ਼ਿਲ੍ਹਾ ਵਕੀਲ ਦੀ ਕਾਨੂੰਨੀ ਰਾਏ ਤੋਂ ਬਾਅਦ ਐਫ ਆਈ ਆਰ ਨੰਬਰ 0076 ਦੇ ਤਹਿਤ ਦਰਜ ਕੀਤੀ ਗਈ ਹੈ। ਪੁਲਿਸ ਨੇ ਡਾ. ਕੌੜਾ ਵਿਰੁੱਧ ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਧਾਰਾ 316(4) ਅਤੇ 318(4) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਦੇ ਅਨੁਸਾਰ, ਦੋਸ਼ੀ ਨੇ ਯੂਨੀਵਰਸਿਟੀ ਵਿੱਚ ਆਪਣੇ ਕਾਰਜਕਾਲ ਦੌਰਾਨ ਕਥਿਤ ਤੌਰ 'ਤੇ ਲਗਭਗ 13.46 ਕਰੋੜ ਰੁਪਏ ਦੇ ਕਾਗਜ਼ੀ ਲੈਣ-ਦੇਣ ਕੀਤੇ ਅਤੇ ਲਗਭਗ 36 ਕਰੋੜ ਰੁਪਏ ਦੇ ਵਿੱਤੀ ਅੰਤਰ ਵਿੱਚ ਸ਼ਾਮਲ ਸੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਰਾਸ਼ਟਰੀ ਹੁਨਰ ਵਿਕਾਸ ਨਿਗਮ (ਐਨਐਸਡੀਸੀ), ਨਵੀਂ ਦਿੱਲੀ ਤੋਂ ਪ੍ਰਾਪਤ 5 ਕਰੋੜ ਰੁਪਏ ਵਿੱਚੋਂ 1.10 ਕਰੋੜ ਰੁਪਏ ਦੀ ਰਕਮ ਯੂਨੀਵਰਸਿਟੀ ਦੇ ਆਈ ਸੀ ਆਈ ਸੀ ਆਈ ਬੈਂਕ ਖਾਤੇ ਤੋਂ ਇੱਕ ਨਿੱਜੀ ਐਚ ਡੀ ਐਫ ਸੀ ਬੈਂਕ ਖਾਤੇ ਵਿੱਚ ਕਥਿਤ ਤੌਰ 'ਤੇ ਟ੍ਰਾਂਸਫਰ ਕੀਤੀ ਗਈ ਸੀ। ਐਫ ਆਈ ਆਰ ਵਿੱਚ ਯੂਨੀਵਰਸਿਟੀ ਕੈਂਪਸ ਨਾਲ ਲੱਗਦੀ 51 ਕਨਾਲ ਅਤੇ 19 ਮਰਲੇ ਜ਼ਮੀਨ ਦੀ ਖਰੀਦ ਵਿੱਚ ਕਥਿਤ ਬੇਨਿਯਮੀਆਂ ਦਾ ਵੀ ਜ਼ਿਕਰ ਹੈ। ਇੱਕ ਹੋਰ ਗੰਭੀਰ ਦੋਸ਼ ਵਿੱਚ, ਡਾ. ਕੌੜਾ 'ਤੇ ਆਪਣੀ ਪਤਨੀ ਪਰਵਿੰਦਰ ਕੌਰ ਨੂੰ ਪਹਿਲਾਂ ਪ੍ਰੋ ਵਾਈਸ ਚਾਂਸਲਰ ਅਤੇ ਫਿਰ ਪ੍ਰੋ ਚਾਂਸਲਰ ਨਿਯੁਕਤ ਕਰਕੇ ਯੂਨੀਵਰਸਿਟੀ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਜਾਂਚ ਏ ਐਸ ਆਈ ਸੰਦੀਪ ਕੁਮਾਰ ਨੂੰ ਸੌਂਪੀ ਗਈ ਹੈ, ਜਿਸਨੇ ਮਾਮਲੇ ਨਾਲ ਜੁੜੇ ਵਿੱਤੀ ਰਿਕਾਰਡਾਂ ਅਤੇ ਹੋਰ ਦਸਤਾਵੇਜ਼ੀ ਸਬੂਤਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਜਾਂਚ ਅੱਗੇ ਵਧਣ ਦੇ ਨਾਲ-ਨਾਲ ਹੋਰ ਧਾਰਾਵਾਂ ਜੋੜੀਆਂ ਜਾ ਸਕਦੀਆਂ ਹਨ।

# ਤਰਕਸ਼ੀ.ਲ ਸੁਸਾਇਟੀ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਦੇਣ ਦਾ ਸਖ਼ਤ ਵਿਰੋਧ

**ਜਨਗਣਨਾ ਪ੍ਰੋਫ਼ਾਰਮੇ 'ਚ ਧਰਮ ਤੇ ਜਾਤ ਸਬੰਧੀ "ਕੋਈ ਨਹੀਂ" ਕਾਲਮ ਸ਼ਾਮਿਲ ਕਰਨ ਦੀ ਮੰਗ**

**(ਬਰਨਾਲਾ 29 ਮਈ 2026)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਤਰਕਸ਼ੀਲ ਭਵਨ ਬਰਨਾਲਾ ਵਿਖੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕਤਲ ਅਤੇ ਬਲਾਤਕਾਰ ਦੇ ਦੋਸ਼ਾਂ ਹੇਠ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਹਰਿਆਣਾ ਸਰਕਾਰ ਵੱਲੋਂ ਵੋਟ ਸਿਆਸਤ ਹੇਠ 16ਵੀਂ ਵਾਰ ਪੈਰੋਲ 'ਤੇ ਰਿਹਾਅ ਕਰਵਾਏ ਜਾਣ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਉਸਦੀ ਪੈਰੋਲ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਮੀਟਿੰਗ ਤੋਂ ਬਾਅਦ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ,ਸੁਖਵਿੰਦਰ ਬਾਗਪੁਰ, ਜੋਗਿੰਦਰ ਕੁੱਲੇਵਾਲ ਅਤੇ ਸੁਮੀਤ ਅੰਮ੍ਰਿਤਸਰ ਨੇ ਨਿਆਂਪਾਲਿਕਾ ਉਤੇ ਨਿਆਂ ਦੇ ਦੋਹਰੇ ਅਤੇ ਪੱਖਪਾਤੀ ਮਿਆਰ ਅਪਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਡੇਰੇ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਪਿਛਲੇ ਨੌਂ ਸਾਲਾਂ ਵਿੱਚ ਬਿਨਾਂ ਕਿਸੇ ਠੋਸ ਕਾਰਣ ਦੇ 16 ਵਾਰ ਪੈਰੋਲ ਤੇ ਰਿਹਾਅ ਕੀਤਾ ਜਾ ਚੁੱਕਾ ਹੈ ਜਦਕਿ ਦਿੱਲੀ ਹਿੰਸਾ ਦੇ ਝੂਠੇ ਕੇਸਾਂ ਤਹਿਤ ਸਮਾਜਿਕ ਕਾਰਕੁਨਾਂ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਨੂੰ ਪਿਛਲੇ ਛੇ ਸਾਲਾਂ ਤੋਂ ਅਤੇ ਭੀਮਾ ਕੋਰੇਗਾਓਂ ਦੇ ਕਥਿਤ ਹਿੰਸਾ ਦੇ ਝੂਠੇ ਕੇਸ ਵਿੱਚ ਦੇਸ਼ ਦੇ ਨਾਮਵਰ ਬੁੱਧੀਜੀਵੀਆਂ, ਵਕੀਲਾਂ, ਲੇਖਕਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਅੱਠ ਸਾਲਾਂ ਤੋਂ ਬਿਨਾਂ ਕਿਸੇ ਦੋਸ਼,ਸਬੂਤ ਅਤੇ ਸੁਣਵਾਈ ਦੇ ਜੇਲ੍ਹਾਂ ਵਿੱਚ ਕੈਦ ਕੀਤਾ ਹੋਇਆ ਹੈ ਅਤੇ ਅਦਾਲਤਾਂ ਵੱਲੋਂ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਵੀ ਬਾਰ ਬਾਰ ਰੱਦ ਕੀਤੀ ਗਈ ਹੈ।



ਮੀਟਿੰਗ ਵਿੱਚ ਅਗਲੇ ਮਹੀਨੇ ਜੋਨ ਅਤੇ ਸੂਬਾਈ ਪੱਧਰ ਤੇ ਵਿਦਿਆਰਥੀ ਚੇਤਨਾ ਕੈਂਪ ਲਾਉਣ, ਜਨਗਨਣਾ ਪ੍ਰੋਫਾਰਮੇ ਵਿੱਚ ਨਾਸਤਿਕ ਲੋਕਾਂ ਲਈ ਧਰਮ ਅਤੇ ਜਾਤ ਸਬੰਧੀ " ਕੋਈ ਨਹੀਂ " ਕਾਲਮ ਸ਼ਾਮਿਲ ਕਰਨ ਦੀ ਮੰਗ,ਸੰਵਿਧਾਨ ਦੀ ਧਾਰਾ 51- ਏ (ਐਚ) ਅਤੇ ਡਰੱਗਜ਼ ਮੈਜਿਕ ਰੈਮੇਡੀਜ਼ ਐਕਟ 1954 ਨੂੰ ਸਕੂਲੀ ਸਿੱਖਿਆ ਸਿਲੇਬਸ ਵਿੱਚ ਸ਼ਾਮਿਲ ਕਰਵਾਉਣ ਅਤੇ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਲਈ ਜ਼ਿਲ੍ਹਾ ਅਤੇ ਸੂਬਾਈ ਪੱਧਰ ਤੇ ਮੰਗ ਪੱਤਰ ਦੇਣ ਦੇ ਫੈਸਲੇ ਕੀਤੇ ਗਏ।

ਇਸ ਮੌਕੇ ਸੂਬਾਈ ਆਗੂਆਂ ਰਾਜੇਸ਼ ਅਕਲੀਆ,ਜਸਵਿੰਦਰ ਫਗਵਾੜਾ ,ਰਾਮ ਸਵਰਨ ਲੱਖੇਵਾਲੀ, ਗੁਰਪ੍ਰੀਤ ਸ਼ਹਿਣਾ,ਸੁਰਜੀਤ ਟਿੱਬਾ,ਜੁਝਾਰ ਲੌਂਗੋਵਾਲ ਅਤੇ ਕੁਲਜੀਤ ਫਾਜ਼ਿਲਕਾ ਨੇ ਸੰਸਥਾ ਦੀ ਜੱਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਹੇਠਲੇ ਪੱਧਰ ਤੇ ਵਿਸ਼ੇਸ਼ ਮੀਟਿੰਗਾਂ ਕਰਵਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਹਾਜ਼ਰ ਜੋਨ ਜੱਥੇਬੰਦਕ ਆਗੂਆਂ ਮਾਸਟਰ ਪਰਮ ਵੇਦ ਸੰਗਰੂਰ,ਸੁਖਦੇਵ ਫਗਵਾੜਾ ਜਲੰਧਰ, ਅਜੀਤ ਪ੍ਰਦੇਸੀ ਚੰਡੀਗੜ੍ਹ, ਜਸਵੰਤ ਜੀਰਖ ਲੁਧਿਆਣਾ, ਸੰਦੀਪ ਧਾਰੀਵਾਲ ਭੋਜਾ,ਜਸਵੀਰ ਸੋਨੀ ਮਾਨਸਾ ਅਤੇ ਤਰਸੇਮ ਕੁਮਾਰ ਪਟਿਆਲਾ ਨੇ ਉਪਰੋਕਤ ਮੁੱਦਿਆਂ ਤੇ ਗੰਭੀਰ ਵਿਚਾਰ ਵਟਾਂਦਰਾ ਕਰਦਿਆਂ ਉਪਰੋਕਤ ਫ਼ੈਸਲਿਆਂ ਨੂੰ ਜੋਨ ਅਤੇ ਇਕਾਈ ਪੱਧਰ ਤੇ ਲਾਗੂ ਕਰਨ ਦਾ ਭਰੋਸਾ ਦਿੱਤਾ।

**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਮਰੀਜ਼ ਨਾਲ ਸਬੰਧ ਬਣਾਉਣ ਵਾਲਾ ਭਾਰਤੀ ਮੂਲ ਦਾ ਡਾਕਟਰ 8 ਮਹੀਨਿਆਂ ਲਈ ਮੁਅੱਤਲ


**ਲੈਸਟਰ (ਇੰਗਲੈਂਡ), 29 ਮਈ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਦੇ ਵੇਲਜ਼ ਖੇਤਰ ਵਿੱਚ ਕੰਮ ਕਰ ਰਹੇ ਭਾਰਤੀ ਮੂਲ ਦੇ ਨਿਊਰੋਸਰਜਨ ਡਾ. ਚਿਰਾਗ ਪਟੇਲ ਨੂੰ ਇੱਕ ਮਹਿਲਾ ਮਰੀਜ਼ ਨਾਲ ਸਰੀਰਕ ਸਬੰਧ ਬਣਾਉਣ ਅਤੇ ਬਿਨਾਂ ਅਧਿਕਾਰਤ ਰਿਕਾਰਡ ਰੱਖੇ ਨਿਯੰਤਰਿਤ ਦਰਦ ਨਿਵਾਰਕ ਦਵਾਈਆਂ ਦੇਣ ਦੇ ਮਾਮਲੇ ਵਿੱਚ 8 ਮਹੀਨਿਆਂ ਲਈ ਡਾਕਟਰੀ ਅਭਿਆਸ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਮੈਡੀਕਲ ਪ੍ਰੈਕਟੀਸ਼ਨਰਜ਼ ਟ੍ਰਿਬਿਊਨਲ ਸਰਵਿਸ (ਐੱਮ.ਪੀ.ਟੀ.ਐੱਸ.) ਵੱਲੋਂ ਸੁਣਾਇਆ ਗਿਆ ਹੈ। ਟ੍ਰਿਬਿਊਨਲ ਦੇ ਰਿਕਾਰਡ ਅਨੁਸਾਰ ਡਾ. ਪਟੇਲ ਕਾਰਡਿਫ ਸਥਿਤ ਯੂਨੀਵਰਸਿਟੀ ਹਸਪਤਾਲ ਆਫ਼ ਵੇਲਜ਼ ਵਿੱਚ ਕਨਸਲਟੈਂਟ ਨਿਊਰੋਸਰਜਨ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਨੇ ਫਰਵਰੀ 2019 ਤੋਂ ਦਸੰਬਰ 2021 ਦਰਮਿਆਨ ਇੱਕ ਮਹਿਲਾ ਮਰੀਜ਼ ਦਾ ਤਿੰਨ ਵਾਰ ਆਪਰੇਸ਼ਨ ਕੀਤਾ ਸੀ। ਪਹਿਲਾ ਡਿਸਕੈਕਟੋਮੀ ਆਪਰੇਸ਼ਨ ਫਰਵਰੀ 2019 ਵਿੱਚ, ਦੂਜਾ ਅਗਸਤ 2019 ਵਿੱਚ ਅਤੇ ਤੀਜਾ ਦਸੰਬਰ 2021 ਵਿੱਚ ਕੀਤਾ ਗਿਆ ਸੀ। ਇਲਾਜ ਦੌਰਾਨ ਅਤੇ ਇਸ ਤੋਂ ਬਾਅਦ ਡਾਕਟਰ ਅਤੇ ਮਰੀਜ਼ ਵਿਚਕਾਰ ਨਜ਼ਦੀਕੀਆਂ ਵਧੀਆਂ ਅਤੇ ਦੋਵਾਂ ਵਿਚਕਾਰ ਸਰੀਰਕ ਸਬੰਧ ਬਣ ਗਏ, ਜੋ ਲਗਭਗ ਛੇ ਮਹੀਨਿਆਂ ਤੱਕ ਚੱਲੇ। ਸੁਣਵਾਈ ਦੌਰਾਨ ਸਾਹਮਣੇ



ਆਇਆ ਕਿ ਦੋਵਾਂ ਵਿਚਕਾਰ ਰਿਸ਼ਤਾ ਜਨਵਰੀ 2023 ਤੱਕ ਜਾਰੀ ਰਿਹਾ। ਇਸ ਦੌਰਾਨ ਡਾ. ਪਟੇਲ ਵੱਲੋਂ ਮਰੀਜ਼ ਨੂੰ ਓਪੀਓਇਡ ਸ਼੍ਰੇਣੀ ਦੀਆਂ ਨਿਯੰਤਰਿਤ ਦਰਦ ਨਿਵਾਰਕ ਦਵਾਈਆਂ ਦਿੱਤੀਆਂ ਜਾਂਦੀਆਂ ਰਹੀਆਂ, ਪਰ ਉਨ੍ਹਾਂ ਦਾ ਕੋਈ ਅਧਿਕਾਰਤ ਮੈਡੀਕਲ ਰਿਕਾਰਡ ਨਹੀਂ ਰੱਖਿਆ ਗਿਆ। ਇਹ ਵੀ ਦੱਸਿਆ ਗਿਆ ਕਿ ਬਾਅਦ ਵਿੱਚ ਮਰੀਜ਼ ਨੇ ਡਾਕਟਰ ਨੂੰ ਉਨ੍ਹਾਂ ਦੇ ਸਬੰਧਾਂ ਦਾ ਖ਼ੁਲਾਸਾ ਕਰਨ ਦੀ ਧਮਕੀ ਦਿੱਤੀ ਸੀ, ਜਿਸ ਤੋਂ ਬਾਅਦ ਮਾਮਲਾ ਹੋਰ ਗੰਭੀਰ ਹੋ ਗਿਆ। ਟ੍ਰਿਬਿਊਨਲ ਅਨੁਸਾਰ ਡਾ. ਪਟੇਲ ਸਾਲ 2018 ਤੋਂ ਹਸਪਤਾਲ ਵਿੱਚ ਸਥਾਈ ਕਨਸਲਟੈਂਟ ਵਜੋਂ ਕੰਮ ਕਰ ਰਹੇ ਸਨ ਅਤੇ ਵੇਲਜ਼ ਵਿੱਚ ਉਹ ਇਕਲੌਤੇ ਮਾਹਿਰ ਡਾਕਟਰ ਸਨ ਜੋ ਮਰੀਜ਼ ਦੀ ਖਾਸ ਬਿਮਾਰੀ ਦਾ ਇਲਾਜ ਕਰ ਸਕਦੇ ਸਨ। ਇਸ ਕਾਰਨ ਮਰੀਜ਼ ਦਾ ਡਾਕਟਰ ਉੱਤੇ ਪੂਰਾ ਭਰੋਸਾ ਸੀ, ਜਿਸ ਨੂੰ ਟ੍ਰਿਬਿਊਨਲ ਨੇ ਪੇਸ਼ੇਵਰ ਤੌਰ 'ਤੇ ਬਹੁਤ ਮਹੱਤਵਪੂਰਨ ਮੰਨਿਆ। ਰਿਪੋਰਟ ਅਨੁਸਾਰ ਫਰਵਰੀ 2023 ਵਿੱਚ ਦੋਵਾਂ ਦੇ ਸਬੰਧਾਂ ਵਿੱਚ ਖਟਾਸ ਆ ਗਈ ਅਤੇ ਮਰੀਜ਼ ਨੇ ਡਾਕਟਰ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਇਸ ਤੋਂ ਬਾਅਦ ਮਾਮਲਾ ਜਨਰਲ ਮੈਡੀਕਲ ਕੌਂਸਲ (ਜੀ.ਐੱਮ.ਸੀ.) ਕੋਲ ਪਹੁੰਚਿਆ, ਜਿਸ ਨੇ ਵਿਸਥਾਰਪੂਰਵਕ ਜਾਂਚ ਸ਼ੁਰੂ ਕੀਤੀ। ਜੀ.ਐੱਮ.ਸੀ. ਦੀ ਵਕੀਲ ਹੈਰੀਅਟ ਟਿਗੇ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਡਾ. ਪਟੇਲ ਦਾ ਵਿਹਾਰ ਲਗਾਤਾਰ ਅਤੇ ਦੁਹਰਾਇਆ ਗਿਆ ਦੁਰਵਿਹਾਰ ਸੀ। ਉਨ੍ਹਾਂ ਕਿਹਾ ਕਿ ਡਾਕਟਰ ਨੇ ਆਪਣੀ ਪੇਸ਼ੇਵਰ ਸਥਿਤੀ ਦਾ ਦੁਰਉਪਯੋਗ ਕੀਤਾ ਅਤੇ ਮਰੀਜ਼ ਦੀ ਸੁਰੱਖਿਆ ਤੇ ਡਾਕਟਰੀ ਮਿਆਰਾਂ ਪ੍ਰਤੀ ਗੰਭੀਰ ਲਾਪਰਵਾਹੀ ਦਿਖਾਈ। ਆਪਣੇ ਬਚਾਅ ਵਿੱਚ ਡਾ. ਪਟੇਲ ਨੇ ਟ੍ਰਿਬਿਊਨਲ ਸਾਹਮਣੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਵਿਹਾਰ ਲਈ ਡੂੰਘਾ ਪਛਤਾਵਾ ਹੈ ਅਤੇ ਉਹ ਆਪਣੀਆਂ ਗਲਤੀਆਂ ਲਈ ਬਹੁਤ ਦੁਖੀ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੇ ਉਨ੍ਹਾਂ ਦੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਉੱਤੇ ਗਹਿਰਾ ਅਸਰ ਪਾਇਆ ਹੈ। ਟ੍ਰਿਬਿਊਨਲ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਭਾਵੇਂ ਡਾਕਟਰ ਨੇ ਆਪਣੀਆਂ ਗਲਤੀਆਂ ਮੰਨ ਲਈਆਂ ਹਨ, ਪਰ ਉਨ੍ਹਾਂ ਦਾ ਵਿਹਾਰ ਡਾਕਟਰੀ ਪੇਸ਼ੇ ਦੀਆਂ ਨੈਤਿਕ ਹੱਦਾਂ ਦੀ ਸਪੱਸ਼ਟ ਉਲੰਘਣਾ ਸੀ। ਜਨਤਾ ਦਾ ਡਾਕਟਰੀ ਪੇਸ਼ੇ ਉੱਤੇ ਭਰੋਸਾ ਬਣਾਈ ਰੱਖਣ ਅਤੇ ਪੇਸ਼ੇਵਰ ਮਿਆਰਾਂ ਦੀ ਰੱਖਿਆ ਲਈ ਉਨ੍ਹਾਂ ਨੂੰ 8 ਮਹੀਨਿਆਂ ਲਈ ਮੁਅੱਤਲ ਕਰਨਾ ਜ਼ਰੂਰੀ ਸੀ। ਉੱਧਰ ਕਾਰਡਿਫ ਐਂਡ ਵੇਲ ਯੂਨੀਵਰਸਿਟੀ ਹੈਲਥ ਬੋਰਡ ਨੇ ਕਿਹਾ ਹੈ ਕਿ ਉਹ ਟ੍ਰਿਬਿਊਨਲ ਦੇ ਫ਼ੈਸਲੇ ਤੋਂ ਜਾਣੂ ਹਨ ਅਤੇ ਡਾ. ਪਟੇਲ ਹੁਣ ਉਨ੍ਹਾਂ ਦੀ ਸੰਸਥਾ ਵਿੱਚ ਸੇਵਾ ਨਹੀਂ ਨਿਭਾ ਰਹੇ।

# ਮਹਿੰਗਾਈ ਖ਼ਿਲਾਫ਼ ਕਾਂਗਰਸ ਦਾ ਹੱਲਾਬੋਲ: ਬਲਾਚੌਰ ਵਿਖੇ ਕੇਂਦਰ ਸਰਕਾਰ ਖ਼ਿਲਾਫ਼ ਕੱਢਿਆ ਜਾਵੇਗਾ ਵਿਸ਼ਾਲ ਰੋਸ ਮਾਰਚ ਅੱਜ

**ਬਲਾਚੌਰ, 29 ਮਈ (ਜਤਿੰਦਰਪਾਲ ਸਿੰਘ ਕਲੇਰ):** ਦੇਸ਼ ਭਰ ਵਿੱਚ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਦਿਨੋਂ-ਦਿਨ ਵਧ ਰਹੀਆਂ ਕੀਮਤਾਂ ਅਤੇ ਅਸਮਾਨ ਛੂਹ ਰਹੀ ਮਹਿੰਗਾਈ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਅਤੇ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਰਹੀ ਨਾਕਾਮੀ ਖ਼ਿਲਾਫ਼ ਅੱਜ 30 ਮਈ ਦਿਨ ਸ਼ਨੀਵਾਰ ਨੂੰ ਸਵੇਰੇ 10:30 ਵਜੇ ਬਲਾਚੌਰ ਵਿਖੇ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਜਾ ਰਿਹਾ



ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਦੱਸਿਆ ਕਿ ਇਹ ਰੋਸ ਪ੍ਰਦਰਸ਼ਨ ਦਾਣਾ ਮੰਡੀ ਬਲਾਚੌਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਚੌਂਕ ਤੱਕ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਹਿੰਗਾਈ ਨੂੰ ਨੱਥ ਪਾਉਣ ਵਿੱਚ ਪੂਰੀ ਤਰ੍ਹਾਂ ਅਸਫਲ ਸਿੱਧ ਹੋਈ ਹੈ, ਜਿਸ ਕਾਰਨ ਅੱਜ ਆਮ ਲੋਕਾਂ ਅਤੇ ਗ਼ਰੀਬ ਵਰਗ ਦਾ ਜਿਊਣਾ ਮੁਹਾਲ ਹੋ ਚੁੱਕਾ ਹੈ। ਦਿਨੋਂ-ਦਿਨ ਵਧ ਰਹੇ ਤੇਲ ਅਤੇ ਗੈਸ ਦੇ ਰੇਟਾਂ ਨੇ ਆਮ ਆਦਮੀ ਦਾ ਬਜਟ ਵਿਗਾੜ ਕੇ ਰੱਖ ਦਿੱਤਾ ਹੈ, ਜਿਸ ਦੇ ਖ਼ਿਲਾਫ਼ ਹੁਣ ਸੜਕਾਂ 'ਤੇ ਉਤਰ ਕੇ ਆਵਾਜ਼ ਬੁਲੰਦ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਸਮੂਹ ਪਾਰਟੀ ਆਗੂਆਂ, ਵਰਕਰਾਂ ਅਤੇ ਇਲਾਕਾ ਨਿਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ 30 ਮਈ ਨੂੰ ਸਵੇਰੇ 10:30 ਵਜੇ ਆਪਣੇ ਵੱਧ ਤੋਂ ਵੱਧ ਸਾਥੀਆਂ ਸਮੇਤ ਦਾਣਾ ਮੰਡੀ ਬਲਾਚੌਰ ਵਿਖੇ ਇਕੱਠੇ ਹੋਣ, ਤਾਂ ਜੋ ਇਸ ਰੋਸ ਪ੍ਰਦਰਸ਼ਨ ਨੂੰ ਸਫ਼ਲ ਬਣਾ ਕੇ ਕੇਂਦਰ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਮੂੰਹ-ਤੋੜ ਜਵਾਬ ਦਿੱਤਾ ਜਾ ਸਕੇ।

# ਨਗਰ ਕੌਂਸਲ ਮੋਰਿੰਡਾ 'ਤੇ ਕਾਂਗਰਸ ਦਾ ਕਬਜ਼ਾ

## 15 ਵਿੱਚੋਂ 12 ਕੌਂਸਲਰ ਢੋਲ-ਢਮੱਕੇ ਨਾਲ ਪਹੁੰਚੇ ਚੰਨੀ ਦੀ ਕੋਠੀ

**ਮੋਰਿੰਡਾ, 29 ਮਈ (ਮਜੀਦ ਖਾਨ)-**ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਜੱਦੀ ਸ਼ਹਿਰ ਮੋਰਿੰਡਾ ਦੀ ਨਗਰ ਕੌਂਸਲ ਚੋਣਾਂ ਵਿੱਚ ਕਾਂਗਰਸ ਨੇ ਵੱਡੀ ਜਿੱਤ ਹਾਸਲ ਕਰਦਿਆਂ ਕਬਜ਼ਾ ਕਰ ਲਿਆ ਹੈ। ਕੁੱਲ 15 ਵਾਰਡਾਂ ਵਿੱਚੋਂ ਜਿੱਤੇ ਕਾਂਗਰਸ ਦੇ 12 ਕੌਂਸਲਰ ਚੋਣ ਨਤੀਜਿਆਂ ਤੋਂ ਤੁਰੰਤ ਬਾਅਦ ਢੋਲ-ਧਮੱਕੇ ਅਤੇ ਭੰਗੜਿਆਂ ਨਾਲ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੋਠੀ ਵਿਖੇ ਪਹੁੰਚੇ। ਇਸ ਖ਼ੁਸ਼ੀ ਦੇ ਮੌਕੇ 'ਤੇ ਸਮਰਥਕਾਂ ਵੱਲੋਂ ਜ਼ੋਰਦਾਰ ਆਤਿਸ਼ਬਾਜ਼ੀ ਵੀ ਕੀਤੀ ਗਈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀ ਨੇ ਸਾਰੇ ਨਵੇਂ ਜਿੱਤੇ ਕੌਂਸਲਰਾਂ ਦਾ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਸ਼ਹਿਰ ਦੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਨਵਜੀਤ ਸਿੰਘ ਨਵੀ ਨੇ ਆਖਿਆ ਕਿ ਮੋਰਿੰਡਾ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਕੌਂਸਲਰਾਂ ਨੂੰ ਵੱਡੀ ਗਿਣਤੀ ਵਿੱਚ ਜਿਤਾ ਕੇ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਪਾਰਟੀ ਦੀਆਂ ਨੀਤੀਆਂ ਵਿੱਚ ਆਪਣਾ ਅਟੁੱਟ ਵਿਸ਼ਵਾਸ ਪ੍ਰਗਟਾਇਆ ਹੈ। ਅਸੀਂ ਸਮੂਹ ਇਲਾਕਾ ਨਿਵਾਸੀਆਂ ਦੇ ਹਮੇਸ਼ਾ ਰਿਣੀ ਰਹਾਂਗੇ ਅਤੇ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਸਰ



ਨਹੀਂ ਛੱਡਾਂਗੇ। ਇਸ ਮੌਕੇ ਜਿੱਤ ਹਾਸਲ ਕਰਨ ਵਾਲੇ ਪ੍ਰਮੁੱਖ ਕੌਂਸਲਰਾਂ ਵਿੱਚ ਸ਼ਾਮਲ ਸਨ ਪੱਤਰਕਾਰ ਹਰਜਿੰਦਰ ਸਿੰਘ ਛਿੱਬਰ, ਸ਼੍ਰੀਮਤੀ ਗੁੰਜਨ ਸੂਦ, ਮਹਿੰਦਰ ਸਿੰਘ ਢਿੱਲੋਂ, ਸ਼੍ਰੀਮਤੀ ਨੇਹਾ ਸ਼ਰਮਾ, ਹਰਜੀਤ ਸਿੰਘ ਸੋਢੀ, ਸੁਰਿੰਦਰ ਕੌਰ, ਮਨਦੀਪ ਸਿੰਘ ਬਾਜਵਾ, ਸ਼੍ਰੀਮਤੀ ਪਿੰਕੀ ਕੌਰ, ਰਾਜੇਸ਼ ਕੁਮਾਰ ਸਿਸੋਦੀਆ, ਸ਼੍ਰੀਮਤੀ ਕਮਲਜੀਤ ਕੌਰ ਬਾਜਵਾ, ਸ਼੍ਰੀਮਤੀ ਦਲਜੀਤ ਕੌਰ ਅਤੇ ਸ਼੍ਰੀਮਤੀ ਸਿਕੰਦਰ ਕੌਰ ਗਿੱਲ ਹਾਜ਼ਰ ਸਨ। ਇਸ ਖ਼ੁਸ਼ੀ ਦੇ ਮੌਕੇ ਕੌਂਸਲਰਾਂ ਤੋਂ ਇਲਾਵਾ ਬੰਤ ਸਿੰਘ ਕਲਾਰਾਂ (ਸਾਬਕਾ ਚੇਅਰਮੈਨ ਪਨਗਰੇਨ ਪੰਜਾਬ), ਹਰਮਿੰਦਰ ਸਿੰਘ ਲੱਕੀ (ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਰੂਪਨਗਰ), ਬਲਜਿੰਦਰ ਸਿੰਘ ਧਾਲੀਵਾਲ (ਡਾਇਰੈਕਟਰ ਵੇਰਕਾ ਮਿਲਕ ਪਲਾਂਟ ਮੁਹਾਲੀ), ਨਰਿੰਦਰ ਸਿੰਘ ਮਾਵੀ, ਗੁਰਵਿੰਦਰ ਸਿੰਘ ਕਕਰਾਲੀ (ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰੂਪਨਗਰ), ਦਰਸ਼ਨ ਸਿੰਘ ਸੰਧੂ (ਪ੍ਰਧਾਨ ਬਲਾਕ ਕਾਂਗਰਸ ਕਮੇਟੀ ਮੋਰਿੰਡਾ) ਅਤੇ ਬਲਵਿੰਦਰ ਸਿੰਘ ਬਾਜਵਾ (ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਜਸਵੀਰ ਸਿੰਘ, ਸਾਬਕਾ ਪ੍ਰਧਾਨ ਹਰੀ ਪਾਲ, ਬਬਲਾ ਸਰਪੰਚ ਗੋਸਲਾਂ, ਜੀਤੀ ਮੰਡਾਂ, ਜਗਤਾਰ ਸਿੰਘ ਅਰਨੌਲੀ, ਬਲਵੀਰ ਸਿੰਘ ਲਾਲਾ, ਤਰਲੋਚਨ ਸਿੰਘ ਸਮਾਣਾ, ਹਰਜੋਤ ਸਿੰਘ ਢੰਗਰਾਲੀ, ਰਣਦੀਪ ਸਿੰਘ ਸਰਪੰਚ ਢੰਗਰਾਲੀ, ਸੋਨੂੰ ਦੱਤ, ਪਰਮਿੰਦਰ ਸਿੰਘ ਸੋਨੂੰ ਖੁਰਲ, ਧਰਮਪਾਲ ਥੰਮਣ, ਨੰਬਰਦਾਰ ਰੁਪਿੰਦਰ ਸਿੰਘ ਭੀਚਰਾ ਅਤੇ ਇਕਬਾਲ ਸਿੰਘ ਡੂਮਛੇੜੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਮੌਜੂਦ ਸਨ।

# ਕਾਂਗਰਸ ਹਾਈਕਮਾਂਡ ਪੰਜਾਬ ਦੀ ਵਾਗਡੋਰ ਚਰਨਜੀਤ ਸਿੰਘ ਚੰਨੀ ਨੂੰ ਸੌਂਪੇ: ਜਸਵਿੰਦਰ ਵਿੱਕੀ ਕਾਠਗੜ੍ਹ

**ਨਵਾਂਸ਼ਹਿਰ /ਕਾਠਗੜ੍ਹ, 29 ਮਈ (ਜਤਿੰਦਰ ਪਾਲ ਸਿੰਘ ਕਲੇਰ):**ਅੱਜ ਨਗਰ ਕੌਂਸਲ/ਨਗਰ ਨਿਗਮ ਚੋਣਾਂ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਅੰਦਰੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦੀ ਵਾਗਡੋਰ ਸੌਂਪਣ ਦੀ ਮੰਗ ਉੱਠਣ ਲੱਗੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਜਸਵਿੰਦਰ ਵਿੱਕੀ ਚੌਧਰੀ ਕਾਠਗੜ੍ਹ ਨੇ ਕਿਹਾ ਕਿ ਪੰਜਾਬ ਦੇ ਲੋਕ ਵਾਰ-ਵਾਰ ਇੱਕੋ ਆਵਾਜ਼ ਉਠਾ ਰਹੇ ਹਨ ਕਿ ਕਾਂਗਰਸ ਹਾਈਕਮਾਂਡ ਨੂੰ ਬਿਨਾਂ ਦੇਰੀ ਕੀਤਿਆਂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦੀ ਕਮਾਨ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਚੋਣ ਨਤੀਜਿਆਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਪੰਜਾਬ ਦੇ ਕਈ ਵੱਡੇ-ਵੱਡੇ ਦਿੱਗਜ ਨੇਤਾ, ਜਿਨ੍ਹਾਂ ਨੂੰ ਸੂਬੇ ਦੇ



ਵੱਡੇ ਆਗੂ ਮੰਨਿਆ ਜਾਂਦਾ ਸੀ, ਉਹ ਆਪਣੇ ਖ਼ੁਦ ਦੇ ਹਲਕਿਆਂ ਤੋਂ ਵੀ ਹਾਰ ਗਏ ਹਨ।

ਜਸਵਿੰਦਰ ਵਿੱਕੀ ਨੇ ਆਖਿਆ ਕਿ ਦੂਜੇ ਪਾਸੇ ਸਰਦਾਰ ਚਰਨਜੀਤ ਸਿੰਘ ਚੰਨੀ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਹਨ, ਜਿਸ ਦਾ ਸਬੂਤ ਇਹ ਹੈ ਕਿ ਉਹ ਸ੍ਰੀ ਚਮਕੌਰ ਸਾਹਿਬ ਅਤੇ ਮੋਰਿੰਡਾ ਖੇਤਰ ਤੋਂ ਵੱਡੀ ਲੀਡ ਨਾਲ ਜਿੱਤੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦਿੱਲੀ ਵਿਖੇ ਕਾਂਗਰਸ ਹਾਈਕਮਾਂਡ ਦੀ ਇੱਕ ਬਹੁਤ ਅਹਿਮ ਅਤੇ ਵੱਡੀ ਮੀਟਿੰਗ ਹੋ ਰਹੀ ਹੈ। ਉਹ ਹਾਈਕਮਾਂਡ ਤੱਕ ਪੰਜਾਬ ਦੇ ਲੋਕਾਂ ਅਤੇ ਵਰਕਰਾਂ ਦੀ ਇਹ ਆਵਾਜ਼ ਪਹੁੰਚਾਉਣਾ ਚਾਹੁੰਦੇ ਹਨ ਕਿ ਜੇਕਰ ਪੰਜਾਬ ਵਿੱਚ ਕਾਂਗਰਸ ਨੂੰ ਮਜਬੂਤ ਕਰਨਾ ਹੈ ਤਾਂ ਚਰਨਜੀਤ ਸਿੰਘ ਚੰਨੀ ਨੂੰ ਅੱਗੇ ਲਿਆਂਦਾ ਜਾਵੇ।

ਉਨ੍ਹਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਹਾਈਕਮਾਂਡ ਨੇ ਹੁਣ ਵੀ ਕੰਧ 'ਤੇ ਲਿਖਿਆ ਨਾ ਪੜ੍ਹਿਆ ਅਤੇ ਪੰਜਾਬ ਦੇ ਲੋਕਾਂ ਦੀ ਭਾਵਨਾ ਨੂੰ ਨਾ ਸਮਝਿਆ, ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਨਤੀਜੇ ਸਹੀ ਨਹੀਂ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਚੰਨੀ ਨੂੰ ਵਾਗਡੋਰ ਮਿਲਦੀ ਹੈ, ਤਾਂ ਪੰਜਾਬ ਭਰ ਦੇ ਕਾਂਗਰਸੀ ਵਰਕਰਾਂ ਵਿੱਚ ਇੱਕ ਨਵਾਂ ਉਤਸ਼ਾਹ ਪੈਦਾ ਹੋਵੇਗਾ, ਜਿਸ ਸਦਕਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਕੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਈ ਜਾ ਸਕਦੀ ਹੈ।

# ਪਿੰਡ ਬੀੜ ਕਾਠਗੜ੍ਹ ਵਿਖੇ ਦੂਜਾ ਕ੍ਰਿਕਟ ਟੂਰਨਾਮੈਂਟ 30 ਅਤੇ 31 ਮਈ ਨੂੰ: ਹਨੀ ਹੱਕਲਾ

## ਧੰਨ ਧੰਨ ਬਾਬਾ ਗੁਰਦਿੱਤਾ ਸਪੋਰਟਸ ਕਲੱਬ ਵੱਲੋਂ ਕਰਵਾਏ ਜਾ ਰਹੇ ਖੇਡ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਨਵਾਂਸ਼ਹਿਰ /ਕਾਠਗੜ੍ਹ, 29 ਮਈ (ਜਤਿੰਦਰਪਾਲ ਸਿੰਘ ਕਲੇਰ)** : ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰੱਖਣ ਦੇ ਸ਼ਲਾਘਾਯੋਗ ਮਕਸਦ ਨਾਲ 'ਧੰਨ ਧੰਨ ਬਾਬਾ ਗੁਰਦਿੱਤਾ ਸਪੋਰਟਸ ਕਲੱਬ ਬੀੜ ਕਾਠਗੜ੍ਹ' ਵੱਲੋਂ ਦੂਜਾ ਕ੍ਰਿਕਟ ਟੂਰਨਾਮੈਂਟ 30 ਅਤੇ 31 ਮਈ 2026 ਨੂੰ ਪਿੰਡ ਬੀੜ ਕਾਠਗੜ੍ਹ ਵਿਖੇ ਬੜੀ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੋ ਰੋਜ਼ਾ ਖੇਡ ਮੇਲੇ ਸਬੰਧੀ ਪ੍ਰਬੰਧਕਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਲਾਕੇ ਦੇ ਖੇਡ ਪ੍ਰੇਮੀਆਂ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਹਨੀ ਹੱਕਲਾ ਨੇ ਅੱਗੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਥਾਵਾਂ ਤੋਂ ਨਾਮਵਰ ਟੀਮਾਂ ਹਿੱਸਾ ਲੈਣਗੀਆਂ। ਟੂਰਨਾਮੈਂਟ ਵਿੱਚ ਜੇਤੂ ਰਹਿਣ ਵਾਲੀਆਂ ਟੀਮਾਂ ਲਈ ਪ੍ਰਬੰਧਕਾਂ ਵੱਲੋਂ ਆਕਰਸ਼ਕ ਨਕਦ ਇਨਾਮ ਅਤੇ ਟਰਾਫੀਆਂ



ਰੱਖੀਆਂ ਗਈਆਂ ਹਨ। ਖੇਡਾਂ ਦੌਰਾਨ ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਜੇਤਾ ਟੀਮ ਨੂੰ 7100/- ਰੁਪਏ ਨਕਦ ਅਤੇ ਸ਼ਾਨਦਾਰ ਕੱਪ ਨਾਲ ਸਨਮਾਨਿਤ ਕੀਤਾ ਜਾਵੇਗਾ, ਜਦਕਿ ਦੂਜੇ ਸਥਾਨ 'ਤੇ ਰਹਿਣ ਵਾਲੀ ਉਪ-ਵਿਜੇਤਾ ਟੀਮ ਨੂੰ 5100/- ਰੁਪਏ ਨਕਦ ਅਤੇ ਕੱਪ ਦਿੱਤਾ ਜਾਵੇਗਾ। ਇਸੇ ਤਰ੍ਹਾਂ ਤੀਜੇ ਅਤੇ ਚੌਥੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ 2100-2100 ਰੁਪਏ ਨਕਦ ਅਤੇ ਕੱਪ ਦੇ ਕੇ ਨਿਵਾਜਿਆ ਜਾਵੇਗਾ।

ਇਸ ਖੇਡ ਮੇਲੇ ਦੌਰਾਨ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਇੱਕ ਵਿਸ਼ੇਸ਼ ਇਨਾਮ ਵੀ ਰੱਖਿਆ ਗਿਆ ਹੈ, ਜਿਸ ਤਹਿਤ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ (ਆਲ ਰਾਊਂਡਰ) ਨੂੰ 2001 ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਲਈ ਐਂਟਰੀ ਫੀਸ 500/- ਰੁਪਏ ਨਿਰਧਾਰਿਤ ਕੀਤੀ ਗਈ ਹੈ।

ਕਲੱਬ ਦੇ ਪ੍ਰਬੰਧਕਾਂ ਨੇ ਸਮੂਹ ਖੇਡ ਪ੍ਰੇਮੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦੋਵੇਂ ਦਿਨ ਭਾਰੀ ਗਿਣਤੀ ਵਿੱਚ ਪਹੁੰਚ ਕੇ ਖਿਡਾਰੀਆਂ ਦਾ ਹੌਸਲਾ ਵਧਾਉਣ। ਟੂਰਨਾਮੈਂਟ ਸਬੰਧੀ ਵਧੇਰੇ ਜਾਣਕਾਰੀ ਜਾਂ ਆਪਣੀ ਟੀਮ ਦੀ ਐਂਟਰੀ ਕਰਵਾਉਣ ਲਈ ਕਲੱਬ ਵੱਲੋਂ ਸੰਪਰਕ ਨੰਬਰ 89687-13044, 91070-07600 ਅਤੇ 87250-64426 ਵੀ ਜਾਰੀ ਕੀਤੇ ਗਏ ਹਨ।

# ਗੜ੍ਹਸ਼ੰਕਰ ਦੇ ਵਾਰਡ ਨੰਬਰ 1 ਤੋਂ ਆਜ਼ਾਦ ਉਮੀਦਵਾਰ ਪੰਡਿਤ ਵਿਕਰਾਂਤ ਰਣਦੇਵ ਜੇਤੂ; ਰੌਮੀ ਸੈਣੀ ਕੰਗਣਾ ਬੇਟ ਨੇ ਦਿੱਤੀ ਵਧਾਈ

**ਗੜ੍ਹਸ਼ੰਕਰ, 29 ਮਈ (ਜਤਿੰਦਰ ਪਾਲ ਸਿੰਘ ਕਲੇਰ)** : ਗੜ੍ਹਸ਼ੰਕਰ ਵਿਖੇ ਹੋਈਆਂ ਮਿਊਂਸੀਪਲ ਕੌਂਸਲ (ਐਮ.ਸੀ.) ਚੋਣਾਂ ਦੇ ਨਤੀਜਿਆਂ ਵਿੱਚ ਵਾਰਡ ਨੰਬਰ 1 ਤੋਂ ਆਜ਼ਾਦ ਉਮੀਦਵਾਰ ਪੰਡਿਤ ਵਿਕਰਾਂਤ ਰਣਦੇਵ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਦੀ ਇਸ ਇਤਿਹਾਸਕ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਲਾਕੇ ਦੇ ਪ੍ਰਮੁੱਖ ਆਗੂ ਰਜਿੰਦਰ ਸਿੰਘ ਸੈਣੀ ਉਰਫ਼ ਰੌਮੀ ਸੈਣੀ ਕੰਗਣਾ ਬੇਟ ਨੇ ਪੰਡਿਤ ਵਿਕਰਾਂਤ ਰਣਦੇਵ ਅਤੇ ਵਾਰਡ ਦੇ ਸਮੂਹ ਵੋਟਰਾਂ ਨੂੰ ਤਹਿ ਦਿਲੋਂ ਮੁਬ-ਾਰਕਬਾਦ ਦਿੱਤੀ ਹੈ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਰੌਮੀ ਸੈਣੀ ਕੰਗਣਾ ਬੇਟ ਨੇ ਕਿਹਾ ਕਿ ਪੰਡਿਤ ਵਿਕਰਾਂਤ ਰਣਦੇਵ ਦੀ ਜਿੱਤ ਸੱਚਾਈ, ਮਿਹਨਤ ਅਤੇ ਵਾਰਡ ਨੰਬਰ 1 ਦੇ



ਨਿਵਾਸੀਆਂ ਦੇ ਅਥਾਹ ਪਿਆਰ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਵਾਰਡ ਦੇ ਸੂਝਵਾਨ ਲੋਕਾਂ ਨੇ ਇੱਕ ਇਮਾਨਦਾਰ ਅਤੇ ਲੋਕ-ਪੱਖੀ ਉਮੀਦਵਾਰ ਦੇ ਹੱਕ ਵਿੱਚ ਫਤਵਾ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਇਲਾਕੇ ਦਾ ਸਰਬਪੱਖੀ ਵਿਕਾਸ ਚਾਹੁੰਦੇ ਹਨ।

ਰੌਮੀ ਸੈਣੀ ਨੇ ਉਮੀਦ ਪ੍ਰਗਟਾਈ ਕਿ ਨਵੇਂ ਚੁਣੇ ਗਏ ਕੌਂਸਲਰ ਪੰਡਿਤ ਵਿਕਰਾਂਤ ਰਣਦੇਵ ਬਿਨਾਂ ਕਿਸੇ ਪੱਖਪਾਤ ਦੇ ਦਿਨ-ਰਾਤ ਜਨਤਾ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ ਅਤੇ ਵਾਰਡ ਦੀਆਂ ਮੁਢਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ। ਇਸ ਦੌਰਾਨ ਜੇਤੂ ਉਮੀਦਵਾਰ ਪੰਡਿਤ ਵਿਕਰਾਂਤ ਰਣਦੇਵ ਨੇ ਵੀ ਰੌਮੀ ਸੈਣੀ ਕੰਗਣਾ ਬੇਟ ਅਤੇ ਵਾਰਡ ਦੇ ਸਾਰੇ ਵੋਟਰਾਂ-ਸਪੋਰਟਰਾਂ ਦਾ ਇਸ ਵੱਡੇ ਸਹਿਯੋਗ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਪੀ.ਏ.ਯੂ.-ਕੇ.ਵੀ.ਕੇ., ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਅਗਾਂਹਵਧੂ ਕਿਸਾਨਾਂ ਲਈ ਜਾਗਰੂਕਤਾ ਕੈਂਪ ਆਯੋਜਿਤ

**ਨਵਾਂ ਸ਼ਹਿਰ :29 ਮਈ (ਮਨੋਰੰਜਨ ਕਾਲੀਆ):** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਫਅੂ-ਖੜਖ), ਲੰਗੜੋਆ ਵੱਲੋਂ "ਖਾਦਾਂ ਦੀ ਸੰਤੁਲਿਤ ਵਰਤੋਂ" ਵਿਸ਼ੇ 'ਤੇ ਇੱਕ ਵਿਆਪਕ ਜਾਗਰੂਕਤਾ ਕੈਂਪ ਲਗਾਇਆ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਆਈ.ਸੀ.ਏ.ਆਰ.-ਅਟਾਰੀ ਦੀ ਸਰਪ੍ਰਸਤੀ ਹੇਠ ਪੀ.ਏ.ਯੂ. ਕੈਂਪਸ ਵਿਖੇ ਆਯੋਜਿਤ ਇਸ ਪ੍ਰੋਗਰਾਮ ਵਿੱਚ ਖੇਤਰ ਦੇ 35 ਅਗਾਂਹਵਧੂ ਕਿਸਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਪ੍ਰੋਗਰਾਮ ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਡਾ. ਤੇਜਬੀਰ ਸਿੰਘ (ਪਸ਼ੂ ਵਿਗਿਆਨ) ਨੇ ਹਾਜ਼ਰੀਨ ਨੂੰ ਦੱਸਿਆ ਕਿ ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਪਸ਼ੂਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਨੇ ਸਮਝਾਇਆ ਕਿ ਰਸਾਇਣਕ ਬਹਾਅ ਅਤੇ ਦੂਸ਼ਿਤ ਚਾਰਾ ਪਸ਼ੂਆਂ ਵਿੱਚ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ, ਇਸ ਲਈ ਪਸ਼ੂਧਨ ਦੀ ਰੱਖਿਆ ਲਈ ਮਿੱਟੀ ਦੇ ਸੰਤੁਲਿਤ ਪੋਸ਼ਣ ਦੀ ਸਖ਼ਤ ਲੋੜ ਹੈ। ਡਾ. ਰਜਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਖੇਤੀਬਾੜੀ ਅਤੇ ਮਨੁੱਖੀ ਸਿਹਤ ਦੇ ਆਪਸੀ ਸਬੰਧਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਚਾਨਣਾ ਪਾਇਆ ਕਿ ਕਿਵੇਂ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਭੋਜਨ ਲੜੀ ਰਾਹੀਂ ਮਨੁੱਖਾਂ ਵਿੱਚ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰਦੀ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਨੌਜਵਾਨ ਕਿਸਾਨਾਂ ਨੂੰ ਚੰਗੀ ਸਿਹਤ ਅਤੇ ਸਰੀਰਕ ਸਮਰੱਥਾ ਬਣਾਈ ਰੱਖਣ ਲਈ ਸੰਤੁਲਿਤ ਖੁਰਾਕ ਅਪਨਾਉਣ ਦੀ ਜ਼ੋਰ ਦਿੱਤਾ । ਡਾ. ਆਰਤੀ ਵਰਮਾ (ਸਬਜ਼ੀ ਵਿਗਿਆਨ) ਨੇ ਕੁਦਰਤੀ ਖੇਤੀ ਦੇ ਤਰੀਕਿਆਂ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਕਿਸਾਨਾਂ ਨੂੰ ਸਿੰਥੈਟਿਕ/ਰਸਾਇਣਕ ਖਾਦਾਂ 'ਤੇ ਆਪਣੀ ਨਿਰਭਰਤਾ ਘਟਾਉਣ ਅਤੇ ਸਬਜ਼ੀਆਂ ਦੀ ਕਾਸ਼ਤ ਲਈ ਵਾਤਾਵਰਣ-ਪੱਖੀ ਬਦਲ ਅਪਨਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਰਸਾਇਣ-ਮੁਕਤ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਫ਼ਸਲ ਹਾਸਲ ਕੀਤੀ ਜਾ ਸਕੇ। ਇਸ ਕੈਂਪ ਦਾ ਸਫ਼ਲਤਾਪੂਰਵਕ ਸਮਾਪਨ ਇੱਕ ਵਿਚਾਰ-ਵਟਾਂਦਰਾ ਸੈਸ਼ਨ ਨਾਲ ਹੋਇਆ, ਜਿੱਥੇ ਕਿਸਾਨਾਂ ਨੇ ਮਿੱਟੀ ਦੀ ਪਰਖ ਅਤੇ ਜੈਵਿਕ ਵਿਕਲਪਾਂ ਬਾਰੇ ਆਪਣੇ ਸ਼ੰਕੇ ਦੂਰ ਕੀਤੇ। ਇਹ ਉਪਰਾਲਾ ਪੰਜਾਬ ਦੇ ਖੇਤੀਬਾੜੀ ਭਾਈਚਾਰੇ ਲਈ ਰਵਾਇਤੀ ਖੇਤੀ ਨੂੰ ਵਧੇਰੇ ਸੁਰੱਖਿਅਤ ਅਤੇ ਆਰਥਿਕ ਤੌਰ 'ਤੇ ਲਾਹੇਵੰਦ ਬਣਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਪਦਮ ਸ਼੍ਰੀ ਬਲਦੇਵ ਸਿੰਘ ਦਾ ਲੁਧਿਆਣਾ ਵਿਖੇ ਹੋਇਆ ਵਿਸ਼ੇਸ਼ ਸਨਮਾਨ

**●ਪੰਜਾਬ ਸਰਕਾਰ ਬਲਦੇਵ ਸਿੰਘ ਦੇ ਨਾਮ ਤੇ ਹਾਕੀ ਅਕੈਡਮੀ ਸਥਾਪਿਤ ਕਰੇ ●ਜ਼ਿੰਦਗੀ ਦਾ ਰਹਿੰਦਾ ਵਕਤ ਵੀ ਹਾਕੀ ਖੇਡ ਨੂੰ ਸਮਰਪਿਤ ਹੋਵੇਗਾ-- ਬਲਦੇਵ ਸਿੰਘ**

**ਲੁਧਿਆਣਾ 29 ਮਈ (ਕਰਨੈਲ ਸਿੰਘ ਐੱਮ.ਏ.)** ਦਰੋਣਾਚਾਰੀਆ ਐਵਾਰਡ ਜੇਤੂ ਕੋਚ ਬਲਦੇਵ ਸਿੰਘ ਜਿਹਨਾਂ ਨੂੰ ਭਾਰਤ ਸਰਕਾਰ ਨੇ ਹੁਣੇ-ਹੁਣੇ ਪਦਮ ਸ਼੍ਰੀ ਐਵਾਰਡ ਨਾਲ ਨਿਵਾਜਿਆ ਹੈ, ਬਲਦੇਵ ਸਿੰਘ ਦਾ ਅੱਜ ਲੁਧਿਆਣਾ ਪੁੱਜਣ ਤੇ ਖੇਡ ਸੰਸਥਾ "ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ" ਵੱਲੋਂ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰਧਾਨ ਅਮਰੀਕ ਸਿੰਘ ਮਿਨ-ਹਾਸ ਅਤੇ ਜਨਰਲ ਸਕੱਤਰ ਜਗਰੂਪ ਸਿੰਘ ਜਰਖੜ ਨੇ ਪਦਮ ਸ਼੍ਰੀ ਬਲਦੇਵ ਸਿੰਘ ਨੂੰ ਜੀ ਆਇਆਂ ਆਖਿਆ ਅਤੇ ਦੱਸਿਆ ਕਿ ਸ੍ਰ: ਬਲਦੇਵ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਕੌਮੀ ਖੇਡ ਹਾਕੀ ਪ੍ਰਤੀ ਸਮਰਪਿਤ ਕੀਤੀ ਹੈ। ਉਹਨਾਂ ਨੇ ਆਪਣੇ ਖੇਡ ਕੈਰੀਅਰ ਦੇ ਨਾਲ ਜਿੱਥੇ ਇੰਡੀਆ ਹਾਕੀ ਟੀਮ ਨੂੰ 8 ਕਪਤਾਨ ਦਿੱਤੇ ਉਥੇ 100 ਤੋਂ ਵੱਧ ਅੰਤਰਰਾਸ਼ਟਰੀ ਅਤੇ ਓਲੰਪੀਅਨ ਪੱਧਰ ਦੇ ਖਿਡਾਰੀ ਪੈਦਾ ਕਰਕੇ ਦਿੱਤੇ ਹਨ। ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਜੋ ਕੁੜੀਆਂ ਦੀ ਹਾਕੀ ਦੀ ਰਾਜਧਾਨੀ ਬਣਿਆ, ਨਾਮਧਾਰੀ ਅਕੈਡਮੀ ਅਤੇ ਜਰਖੜ ਅਕੈਡਮੀ ਪ੍ਰਤੀ ਉਹਨਾਂ ਨੇ ਆਪਣੀਆਂ ਵਧੀਆ ਸੇਵਾਵਾਂ ਦਿੱਤੀਆਂ । ਉਹਨਾਂ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਪਹਿਲਾਂ ਦਰੋਣਾਚਾਰੀਆ ਐਵਾਰਡ ਦੇ ਕੇ ਨਿਵਾਜਿਆ, ਹੁਣ ਪਦਮ ਸ਼੍ਰੀ ਐਵਾਰਡ ਦਿੱਤਾ। ਇਸ ਨਾਲ ਹੀ ਬਲਦੇਵ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਹਿਲੇ ਸੀਨੀਅਰ ਸਿਟੀਜਨ ਹਨ ਜਿਨ੍ਹਾਂ ਨੂੰ ਦੋ ਵੱਡੇ ਖਿਤਾਬ ਮਿਲੇ ਹੋਣ। ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ





ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਪਦਮ ਸ਼੍ਰੀ ਬਲਦੇਵ ਸਿੰਘ ਦੀਆਂ ਹਾਕੀ ਖੇਡ ਪ੍ਰਤੀ ਸੇਵਾਵਾਂ ਦਾ ਲਾਹਾ ਲੈਣਾ ਚਾਹੀਦਾ ਹੈ ਅਤੇ ਉਹਨਾਂ ਦੇ ਨਾਂ ਤੇ ਇੱਕ ਅਕੈਡਮੀ ਦਾ ਗਠਨ ਕਰਨਾ ਚਾਹੀਦਾ ਹੈ । ਇਸ ਵਕਤ ਜਗਰੂਪ ਸਿੰਘ ਜਰਖੜ ਨੇ ਆਖਿਆ ਕਿ ਬਲਦੇਵ ਸਿੰਘ ਦੇ ਨਾਮ ਤੇ ਜਰਖੜ ਵਿਖੇ ਹਾਕੀ ਕੋਰਟ ਬਣਾਇਆ ਜਾਵੇਗਾ। ਸ੍ਰ: ਜੇ.ਪੀ ਸਿੰਘ ਨੇ ਆਖਿਆ ਜੇਕਰ ਬਲਦੇਵ ਸਿੰਘ ਦੇ ਨਾਂ ਤੇ ਸਰਕਾਰ ਅਕੈਡਮੀ ਦਾ ਗਠਨ ਕਰਦੀ ਹੈ ਤਾਂ ਇੱਕ ਲੱਖ ਰੁਪਏ ਆਪਣੇ ਗਰੁੱਪ ਰਾਮ ਟੈਕਸਟਾਈਲ ਵੱਲੋਂ ਪ੍ਰਤੀ ਮਹੀਨਾ ਦਿਆ ਕਰਨਗੇ । ਕਰਨਲ ਜੇ.ਐਸ.ਗਿੱਲ ਨੇ ਆਖਿਆ ਕਿ ਪੰਜਾਬ ਸਰਕਾਰ ਸ੍ਰ: ਬਲਦੇਵ ਸਿੰਘ ਨੂੰ ਪੰਜਾਬ ਦੇ ਖੇਡ ਪ੍ਰਮੋਟਰ ਐਵਾਰਡ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ। ਇਸ ਮੌਕੇ ਪਦਮ ਸ਼੍ਰੀ ਐਵਾਰਡ ਜੇਤੂ ਹਾਕੀ ਕੋਚ ਬਲਦੇਵ ਸਿੰਘ ਨੇ ਆਖਿਆ ਕਿ ਉਹ ਲੁਧਿਆਣਾ ਨਿਵਾਸੀਆਂ ਦੇ ਹਮੇਸ਼ਾਂ ਰਿਣੀ ਰਹਿਣਗੇ ਜਿਨ੍ਹਾਂ ਨੇ ਉਹਨਾਂ ਨੂੰ ਹਮੇਸ਼ਾਂ ਬਣਦਾ ਮਾਣ ਸਤਿਕਾਰ ਦਿੱਤਾ ਹੈ ਉਹ ਆਪਣੇ ਜ਼ਿੰਦਗੀ ਦਾ ਰਹਿੰਦਾ ਹਿੱਸਾ ਵੀ ਹਾਕੀ ਖੇਡ ਨੂੰ ਲੁਧਿਆਣੇ ਵਿੱਚ ਹੀ ਸਮਰਪਿਤ ਕਰਨਾ ਚਾਹੁੰਦੇ ਹਨ। ਇਸ ਮੌਕੇ ਲੁਧਿਆਣੇ ਦੇ ਸਾਬਕਾ ਮੇਅਰ ਬਲਕਾਰ ਸਿੰਘ ਸੰਧੂ, ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ, ਜੇ.ਪੀ. ਸਿੰਘ ਐਮ ਡੀ ਰਾਮ ਟੈਕਸਟਾਈਲ, ਅਜੀਤਪਾਲ ਸਿੰਘ, ਹਰਮਿੰਦਰ ਸਿੰਘ ਅਰੋੜਾ, ਮੋਹਿਤ ਗੁਪਤਾ ਐਮ.ਡੀ. ਗੁਪਤਾ ਸਵੀਟਸ, ਹਰਦੀਪ ਸਿੰਘ ਬੀਰਮਪੁਰ ਵੇਟ ਲਿਫਟਰ, ਹੁਕਮ ਸਿੰਘ ਗੁਰੂ ਨਾਨਕ ਕਾਰ ਬਜਾਰ, ਗੁਰਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ ਕੋਚ ਜਰਖੜ ਅਕੈਡਮੀ, ਰਛਪਾਲ ਸਿੰਘ ਨਾਗੀ ਖ਼ਜ਼ਾਨਚੀ, ਪ੍ਰੋ: ਰਾਜਿੰਦਰ ਸਿੰਘ, ਨਰਿੰਦਰ ਸਿੰਘ ਹੈਬੋਵਾਲ, ਡਾ: ਐ ਪੀ ਐਸ ਬਰਾੜ, ਅਜੈਪਾਲ ਸਿੰਘ ਪੂਨੀਆ, ਕੌਮੀ ਅਥਲੀਟ ਪ੍ਰੇਮ ਸਿੰਘ, ਭੁਪਿੰਦਰ ਸਿੰਘ ਭੋਲਾ , ਕੁਲਦੀਪ ਸਿੰਘ ਘਵੱਦੀ, ਗੁਰਮਾਨਵ ਦੀਪ ਸਿੰਘ ਚਾਹਲ, ਕਰਨਪ੍ਰੀਤ ਸਿੰਘ ਫਿਰੋਜ਼ਪੁਰ ਅਤੇ ਹੋਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਸੈਮੀ ਫਾਈਨਲ ਮੁਕਾਬਲੇ ਅੱਜ

## ਸੈਮੀ ਵਿੱਚ ਜਰਖੜ ਅਕੈਡਮੀ ਅਤੇ ਰਾਮਪੁਰ, ਘਵੱਦੀ ਅਤੇ ਅਮਰਗੜ੍ਹ ਦੀ ਹੋਵੇਗੀ ਟੱਕਰ

**ਲੁਧਿਆਣਾ 29 ਮਈ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ. ਐਸ.ਟੀ. ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ 7ਵੇਂ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਅਮਰਗੜ੍ਹ ਹਾਕੀ ਸੈਂਟਰ ਨੇ ਆਪੋ ਆਪਣੇ ਮੈਚ ਜਿੱਤ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਕੀਤਾ, ਉਥੇ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਹਾਕੀ ਸੈਂਟਰ, ਜਰਖੜ ਹਾਕੀ ਅਕੈਡਮੀ, ਚਚਰਾੜੀ ਅਤੇ ਐਚਟੀਸੀ ਰਾਮਪੁਰ ਨੇ ਵੀ ਜਿੱਤਾਂ ਹਾਸਲ ਕਰਦਿਆਂ ਆਖਰੀ ਚਾਰਾਂ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਸੀਨੀਅਰ ਵਰਗ ਜਰਖੜ ਹਾਕੀ ਅਕੈਡਮੀ ਨੇ ਆਪਣੇ ਕੁਆਰਟਰ ਫਾਈਨਲ ਮੈਚ ਵਿੱਚ ਸੰਤ ਬਾਬਾ ਗੁਲਾਬ ਸਿੰਘ ਕਲੱਬ ਘੋਲੀਆ ਮੋਗਾ ਨਾਲ 7-7 ਗੋਲਾਂ ਦੀ ਬਰਾਬਰੀ ਤੋਂ ਬਾਅਦ ਪਨੈਲਟੀ ਸ਼ੂਟ ਆਊਟ ਵਿੱਚ 3-1 ਨਾਲ ਜਿੱਤ ਹਾਸਿਲ ਕੀਤੀ ਅਤੇ ਦੂਸਰੇ ਮੈਚ ਵਿੱਚ ਅਮਰਗੜ੍ਹ ਹਾਕੀ ਸੈਂਟਰ ਨੇ ਜੰਗ ਕਲੱਬ




ਓਟਾਲਾ ਨੂੰ 7-3 ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਪਹਿਲੀ ਵਾਰ ਪ੍ਰਵੇਸ਼ ਕੀਤਾ। ਜੂਨੀਅਰ ਵਰਗ ਵਿੱਚ ਜਰਖੜ ਅਕੈਡਮੀ ਨੇ ਸੰਗਰੂਰ ਨੂੰ 4-1 ਜਦਕਿ ਐਚ ਟੀ ਸੀ ਰਾਮਪੁਰ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 6-4 ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਜਗ੍ਹਾ ਪੱਕੀ ਕੀਤੀ।

ਇਸ ਮੌਕੇ ਬਲਦੇਵ ਸਿੰਘ ਮੁਕੰਦਪੁਰ, ਸ੍ਰ: ਨਰਿੰਦਰ ਸਿੰਘ ਮੁੰਡੀਆ, ਮਨਜਿੰਦਰ ਸਿੰਘ ਇਆਲੀ, ਅਮਰੀਕ ਸਿੰਘ ਮਿਨਹਾਸ ਏਆਈਜੀ, ਸਰਬਜੀਤ ਸਿੰਘ ਬੱਲ ਕਨੇਡਾ ਨੇ ਵੱਖ-ਵੱਖ ਮੈਚਾਂ ਦੌਰਾਨ ਟੀਮਾਂ ਦੇ ਨਾਲ ਮੁੱਖ ਮਹਿਮਾਨ ਵਜੋਂ ਜਾਣ ਪਹਿਚਾਣ ਕੀਤੀ। ਇਸ ਮੌਕੇ ਬਲਦੇਵ ਸਿੰਘ ਮੁਕੰਦਪੁਰ ਨੇ ਖਿਡਾਰੀਆਂ ਲਈ 1 ਕੁਇੰਟਲ ਦੁੱਧ ਦੀ ਸੇਵਾ ਵੀ ਦਿੱਤੀ।

ਇਸ ਮੌਕੇ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਬਾਬਾ ਗੁਰਬਖਸ਼ ਸਿੰਘ ਘਵੱਦੀ, ਕਰਨਪ੍ਰੀਤ ਸਿੰਘ ਫਿਰੋਜ਼ਪੁਰ, ਕੋਚ ਮਲਕੀਤ ਸਿੰਘ ਸੰਗਰੂਰ, ਕੋਚ ਹਰਮੀਤ ਸਿੰਘ ਜਰਖੜ ਅਕੈਡਮੀ, ਗੁਰ ਸਤਿੰਦਰ ਸਿੰਘ ਪ੍ਰਗਟ, ਕੁਲਦੀਪ ਸਿੰਘ







ਘਵੱਦੀ, ਗੁਰਤੇਜ ਸਿੰਘ ਲਾਡੀ ਸੁਧਾਰ, ਬੂਟਾ ਸਿੰਘ ਸਿੱਧੂ ਦੋਰ-ਾਹਾ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ, ਅਜੀਤਪਾਲ ਸਿੰਘ ਨਾਰੰਗਵਾਲ, ਗੁਰਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਚਾਹਲ ਡੰਗੋਰਾ, ਰਘਵੀਰ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਸੈਮੀ ਫਾਈਨਲ ਮੁਕਾਬਲੇ 30 ਮਈ ਦਿਨ ਸ਼ਨੀਵਾਰ ਨੂੰ ਹੋਣਗੇ। ਜਿਸ ਵਿੱਚ ਸੀਨੀਅਰ ਵਰਗ ਵਿੱਚ ਪਹਿਲਾ ਮੁਕਾਬਲਾ ਜਰਖੜ ਅਕੈਡਮੀ ਬਨਾਮ ਨੀਟਾ ਕਲੱਬ ਰਾਮਪੁਰ ਵਿਚਕਾਰ ਸ਼ਾਮ 7 ਵਜੇ ਅਤੇ ਦੂਸਰਾ ਮੁਕਾਬਲਾ ਗਿੱਲ ਕਲੱਬ ਘਬੱਦੀ ਅਤੇ ਅਮਰਗੜ੍ਹ ਹਾਕੀ ਸੈਂਟਰ ਦੇ ਵਿਚਕਾਰ ਰਾਤ 8 ਵਜੇ ਖੇਡਿਆ ਜਾਵੇਗਾ ਜਦ ਕਿ ਜੂਨੀਅਰ ਵਰਗ ਦਾ ਪਹਿਲਾ ਮੁਕਾਬਲਾ ਕਿਲ੍ਹਾ ਰਾਇਪੁਰ ਬਨਾਮ ਜਰਖੜ ਹਾਕੀ ਅਕੈਡਮੀ ਵਿਚਕਾਰ 5 ਵਜੇ ਸ਼ਾਮ ਅਤੇ ਦੂਸਰਾ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਬਨਾਮ ਐਚ.ਟੀ.ਸੀ ਸੈਂਟਰ ਰਾਮਪੁਰ ਵਿਚਕਾਰ ਸ਼ਾਮ 6 ਵਜੇ ਖੇਡਿਆ ਜਾਵੇਗਾ।

## ਬਾਬੇ ਨਾਨਕ ਦੇ ਦਰ ਵਰਗਾ



ਮੁੱਲ ਵੱਧ ਘੱਟ ਹੋ ਸਕਦੈ ,
ਐਪਰ ਵਿਕਦਾ ਹਰ ਕੋਈ ਹੈ ।
ਕਦੇ ਝੁਕਿਆ ਨਾ ਹੋਵੇ ਜੋ ,
ਮੈਨੂੰ ਦੱਸਿਓ ਜੇ ਸਰ ਕੋਈ ਹੈ ।
ਗੁਲਦੂ ਨੂੰ ਤਾਂ ਹਾਲੇ ਤੱਕ ,
ਲੱਭ ਸਕਿਆ ਨਾ ਦੁਨੀਆਂ 'ਚੋਂ ;
ਗੁਰੂ ਨਾਨਕ ਦੇ ਦਰ ਵਰਗਾ,
ਮੈਨੂੰ ਦੱਸਿਓ ਜੇ ਦਰ ਕੋਈ ਹੈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## ਲੋਕਾਂ ਦਾ ਫ਼ੁਰਮਾਨ

ਸੁਣੋ ਪੰਜਾਬ ਦੇ ਲੋਕੋ, ਨਗਰ ਨਿਗਮ ਦਾ ਹਾਲ,
ਪਾਰਟੀ ਵਾਲੇ ਦੇਖਦੇ ਰਹਿ ਗਏ, ਆਜ਼ਾਦ ਲੈ ਗਏ ਮਾਲ।

ਨਾ ਹਾਥੀ ਨਾ ਪੰਜੇ ਵਾਲਾ, ਨਾ ਝਾੜੂ ਕੰਮ ਆਇਆ,
ਲੋਕਾਂ ਚੁਣਿਆ ਉਹ ਚਿਹਰਾ, ਜਿਹੜਾ ਗਲੀ-ਮੁਹੱਲੇ ਆਇਆ।

ਟਿਕਟਾਂ ਵਾਲੇ ਰੋਣ ਲੱਗੇ "ਸਾਨੂੰ ਲੋਕਾਂ ਕਿਉਂ ਨਾ ਚੁਣਿਆ?",
ਜਨਤਾ ਬੋਲੀ "ਚਿਹਰੇ ਦੇਖੇ, ਨਹੀਂ ਪਾਰਟੀ ਦਾ ਗੁਣਿਆ"।

ਚੋਰ ਸਮਝ ਕੇ ਠੁਕਰਾਏ, ਵੱਡੇ-ਵੱਡੇ ਨਿਸ਼ਾਨ,
ਆਜ਼ਾਦ ਬੰਦੇ ਜਿੱਤ ਗਏ, ਇਹ ਲੋਕਾਂ ਦਾ ਫ਼ੁਰਮਾਨ।

ਗੁਰਮੀਤ ਕਹੇ ਵਧਾਈ ਹੋਵੇ ਸਾਰੇ ਆਜ਼ਾਦ ਜੇਤੂਆਂ ਨੂੰ,
ਜਨਤਾ ਦਾ ਦਿਲ ਜਿੱਤਿਆ, ਨਹੀਂ ਪਾਰਟੀ ਦੇ ਨੇਤੂਆਂ ਨੂੰ।

ਜਿੱਥੇ ਕੰਮ ਬੋਲਦਾ ਹੋਵੇ, ਉੱਥੇ ਨਹੀਂ ਚੱਲਦੀ ਚਾਲ,
ਪੰਜਾਬ ਨੇ ਦੱਸ ਦਿੱਤਾ, ਅਸਲੀ ਤਾਕਤ ਆ ਮਲੰਗ-ਖ਼ਿਆਲ।

ਵੋਟਾਂ ਵਾਲੇ ਦਿਨ ਲੋਕਾਂ ਨੇ, ਦਿਖਾ ਦਿੱਤਾ ਇਕਬਾਲ,
ਕੁਰਸੀ ਖ਼ਾਤਰ ਲੜਨ ਵਾਲੇ, ਹੋ ਗਏ ਸਭ ਬੇਹਾਲ।

ਨੋਟਾਂ ਵਾਲੇ ਹਾਰ ਗਏ, ਜਿੱਤ ਗਈ ਨੀਅਤ ਸਾਫ਼,
ਲੋਕਾਂ ਦਿੱਤਾ ਫ਼ੈਸਲਾ, ਹੁਣ ਕਰੋ ਨਾ ਕੋਈ ਮਾਫ਼।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਓਹੀ

ਰੂਮੀ ਦੇ ਮਨ ਅੰਦਰ ਪਿਆ ਸਵਾਲ ਵੀ ਏ,
ਤਬਰੀਜ਼ੀ ਦੀ ਅੱਖ ਦਾ ਕਾਮਿਲ ਕਮਾਲ ਵੀ ਏ।
ਕਾਫ਼, ਗਾਫ਼ ਦੇ ਜੰਗਲ਼ ਦੇ ਵਿੱਚ ਫਿਰਦਾ ਏ,
ਜ਼ੇਰ, ਜ਼ਬਰ ਤੇ ਨੁਕਤੇ ਦਾ ਜੰਜਾਲ਼ ਵੀ ਏ।

ਆਪੇ ਖ਼ੁਦਾਪ੍ਰਸਤੀ ਤੇ ਢੰਗ ਆਪੇ ਹੀ,
ਆਪੇ ਕਰੇਂ ਗ਼ੁਲਾਮੀ ਤੇ ਜੰਗ ਆਪੇ ਹੀ।
ਆਪੇ ਦੇ ਵਿੱਚ ਘੁਲ਼ਿਆ ਤੂੰ ਰੰਗ ਆਪੇ ਹੀ,
ਜਾਵੇਂ ਅਨਾ ਦੀ ਬਸਤੀ 'ਚੋਂ ਲੰਘ ਆਪੇ ਹੀ।
ਆਪੇ ਕਰੇਂ ਬਗ਼ਾਵਤ, ਨਾਲ਼ ਵਬਾਲ ਵੀ ਏ।

ਬਣ ਕੇ ਜੋ ਚਾਕ ਮੱਝੀਆਂ ਚਰਾਉਂਦਾ ਫਿਰਦਾ ਏ,
ਬੇਲੇ ਦੇ ਵਿੱਚ ਵੰਝਲੀ ਵਜਾਉਂਦਾ ਫਿਰਦਾ ਏ।
ਹੀਰਾਂ ਨੂੰ ਆਪਣੀ ਚੇਟਕ ਲਗਾਉਂਦਾ ਫਿਰਦਾ ਏ,
ਆਪੇ ਹੀ ਫੇਰ ਮੁੰਦਰਾਂ ਪੁਆਉਂਦਾ ਫਿਰਦਾ ਏ,
ਟਿੱਲੇ 'ਤੇ ਲੈਂਦਾ ਧੂਣੀ ਜੋ ਜਾ ਕੇ ਬਾਲ਼ ਵੀ ਏ।

ਨੁੱਕੜ, ਚੁਰਾਹੇ ਓਸੇ ਦੀ ਗੱਲ ਹੁੰਦੀ ਏ,
ਸਾਰੀ ਖ਼ੁਦਾਈ ਓਸੇ ਦੇ ਵੱਲ ਹੁੰਦੀ ਏ।
ਭਾਵੇਂ ਅਸਾਂ ਦੇ ਹਿੱਸੇ ਇਕੱਲ ਹੁੰਦੀ ਏ,
ਸਾਥੋਂ ਬੇਗਾਨੀ ਸਰਦਲ ਨਾ ਮੱਲ ਹੁੰਦੀ ਏ,
ਆਪੇ ਬਿਠਾ ਕੇ ਦੇਂਦਾ, ਆਪ ਉਠਾਲ਼ ਵੀ ਏ।

ਬੁੱਕਲ਼ 'ਚੋਂ ਤੇਰੀ ਚੀਸਾਂ ਦਾ ਤੀਰ ਲੱਭਦਾ ਏ,
ਫਿਰ ਵੀ ਨਾ ਤੇਰਾ ਸਾਨੂੰ ਸਰੀਰ ਲੱਭਦਾ ਏ।
ਤੈਨੂੰ ਮਿਸਰ ਦੀ ਮਿੱਟੀ ਦਾ ਪੀਰ ਲੱਭਦਾ ਏ,
ਹੈ ਮੌਜ ਤੇਰੀ , ਏਹੀ ਅਖੀਰ ਲੱਭਦਾ ਏ।
ਆਪੇ 'ਚੋਂ ਆਪਣੀ ਕਰਦਾ ਜਿਹੜਾ ਭਾਲ਼ ਵੀ ਏ,

ਸੂਰਤ ਤੇਰੀ 'ਤੇ ਨਾ ਸ਼ੀਨ, ਸੀਨ ਲੱਗਦਾ ਏ,
ਬੱਸ ਬੇਵਜ੍ਹਾ ਹੀ ਮੰਜ਼ਰ ਹੁਸੀਨ ਲੱਗਦਾ ਏ।
ਕਾਰੀਗਰੀ ਸਿਰੇ ਦੀ ਮਹੀਨ ਕੀਤੀ ਏ,
ਤੁਬਕੇ ਨੂੰ ਇਉਂ ਸਾਗਰ ਤੇ ਯਕੀਨ ਲੱਗਦਾ ਏ,
ਕੁਝ ਤਾਂ ਅਸਾਡੀ ਹਸਤੀ ਦਿੱਤੀ ਢਾਲ਼ ਵੀ ਏ।

ਸਾਨੂੰ ਤਾਂ ਤੇਰੀ ਅੱਖ ਦਾ ਸਰੂਰ ਦੱਸਦਾ ਏ,
ਤੈਨੂੰ ਖ਼ੁਦਾ ਵੀ ਆਪਣਾ ਹਜ਼ੂਰ ਦੱਸਦਾ ਏ।
ਰਹਿੰਦਾ ਏ ਸਾਥੋਂ ਐਨਾ ਜੋ ਦੂਰ ਦੱਸਦਾ ਏ।
ਸਾਨੂੰ ਵੀ ਸਾਰਾ ਮਸਲਾ ਜ਼ਰੂਰ ਦੱਸਦਾ ਏ,
ਵਾਂਗੂੰ ਖ਼ੁਦਾ ਦੇ ਕਰਦਾ ਰਿਹਾ ਸੰਭਾਲ਼ ਵੀ ਏ।



**ਰਿਤੂ ਵਾਸੂਦੇਵ**

## ਸਮਾਜ

ਵੱਖੋ ਵੱਖਰੀ ਦੁਨੀਆਂ ਨੇ ਸਮਾਜ ਬਣਾਏ ਹੋਏ ਨੇ
ਵਿਰਸੇ ਅੱਖਰਾਂ ਬੋਲੀ ਤੋਂ ਰਿਵਾਜ ਬਣਾਏ ਹੋਏ ਨੇ

ਇਸ ਬੁੱਧੀ ਤੋਂ ਕੰਮ ਲੈਕੇ ਮਾਨਵ ਏਸ ਜੁਗਾੜੀ ਨੇ
ਹਰ ਖੇਤਰ ਵਿਚ ਬੰਦੇ ਕਲਾਬਾਜ ਬਣਾਏ ਹੋਏ ਨੇ

ਲਾਕੇ ਇੰਜਣ ਭਾਂਤ ਭਾਂਤ ਦੇ ਖੂਬ ਦੌੜਾਇਆ ਪਹੀਆਂ ਨੂੰ
ਕਾਰਖਾਨੇ ਵਰਕਸ਼ਾਪਾਂ ਗੇਰਾਜ ਬਣਾਏ ਹੋਏ ਨੇ

ਦੌੜੇ ਬਿਜਲੀ ਏਸੀ ਡੀਸੀ ਤਾਹੀਂ ਮੋਟਰ ਘੁੰਮੇ ਜੀ
ਕਾਊਂਟਮ ਲੇਵਲ ਤੱਕ ਦੇ ਇਸ ਨੇ ਕਾਜ ਬਣਾਏ ਹੋਏ ਨੇ

ਯੰਤਰ ਸੰਦ ਸੰਦੀੜੇ ਓਦਾਂ ਸਭ ਦੇ ਸਭ ਉਪਯੋਗੀ ਨੇ
ਪਰ ਕੁਝ ਖਤਰੇ ਹੱਥੋਂ ਲਾ-ਇਲਾਜ ਬਣਾਏ ਹੋਏ ਨੇ

ਉਡਣਖਟੋਲੇ ਜਾ ਪਹੁੰਚੇ ਨੇ ਇਸ ਦੇ ਹੋਰ ਗਰਿਹਾਂ ਤੇ
ਸੋਲਰ ਸਿਸਟਮ ਤੋਂ ਵੀ ਗੁੱਝੇ ਰਾਜ ਬਣਾਏ ਹੋਏ ਨੇ

ਸੱਤ ਸਮੁੰਦਰਾਂ ਉੱਤੋਂ ਵੀ ਇਸ ਮੱਲਾਂ ਮਾਰੀਆਂ ਖੋਜੀ ਨੇ
ਤੈਰਨ ਉੱਡਣ ਵਾਲ਼ੇ ਸਭ ਜਹਾਜ ਬਣਾਏ ਹੋਏ ਨੇ

ਚਤੁਰਾਂ ਦੀ ਉੱਝ ਨਗਰੀ ਅੰਦਰ ਮਾਇਆ ਦੇ ਕੁਬੇਰਾਂ ਨੇ
ਹਾਕਮ ਆਪੋ ਅਪਣੇ ਸਿਰ ਦੇ ਤਾਜ ਬਣਾਏ ਹੋਏ ਨੇ

ਸੱਤ ਸੁਰਾਂ ਤੇ ਰਾਗਾਂ ਦੇ ਵਿਚ ਕੁਲ ਆਲਮ ਨੂੰ ਭਰ ਦਿੱਤਾ
ਝੂਮਣ ਲਾ ਦੇਣ ਰੂਹ ਨੂੰ ਧੰਨਿਆਂ ਸਾਜ ਬਣਾਏ ਹੋਏ ਨੇ



**ਧੰਨਾ ਧਾਲੀਵਾਲ**
**9878235714**




# ਬਸਪਾ ਨੇ ਪੰਜਾਬ ਵਿੱਚ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਬਹੁਤ ਮੱਲਾਂ ਮਾਰੀਆਂ ਹਨ : ਕਰੀਮਪੁਰੀ






**ਬੰਗਾ 29 ਮਈ (ਚਰਨਜੀਤ ਸੱਲ੍ਹਾ)**ਪੰਜਾਬ ਵਿੱਚ ਹੋਈਆਂ ਐਮ.ਸੀ. ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਦਰਜ ਕੀਤੀ ਗਈ ਸ਼ਾਨਦਾਰ ਜਿੱਤ ਨੇ ਪਾਰਟੀ ਵਰਕਰਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਰਾਹੋਂ, ਨਵਾਂ ਸ਼ਹਿਰ, ਬੰਗਾ, ਫਿਲੌਰ, ਨਕੋਦਰ, ਨੂਰਮਹਿਲ ਅਤੇ ਅਮਰਗੜ੍ਹ ਵਿੱਚ ਬਸਪਾ ਉਮੀਦਵਾਰਾਂ ਨੇ ਵੱਡੀ ਜਿੱਤ ਹਾਸਲ ਕਰਕੇ ਵਿਰੋਧੀਆਂ ਨੂੰ ਕਰਾਰਾ ਜਵਾਬ ਦਿੱਤਾ। ਇਸ ਜਿੱਤ ਨਾਲ ਪਾਰਟੀ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਹੋਇਆ ਹੈ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਾਰਟੀ ਆਗੂਆਂ ਨੇ ਇਸ ਜਿੱਤ ਦਾ ਸਿਹਰਾ ਲੋਕਾਂ ਦੇ ਭਰੋਸੇ ਅਤੇ ਵਰਕਰਾਂ ਦੀ ਦਿਨ-ਰਾਤ ਕੀਤੀ ਮਿਹਨਤ ਨੂੰ ਦਿੱਤਾ ਹੈ। ਇਹ ਸ਼ਬਦ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਲੋਕਾਂ ਨੂੰ ਵਧਾਈਆਂ ਦਿੰਦੇ ਹੋਏ ਕਹੇਂ ਉਨ੍ਹਾਂ ਨਾਲ ਹੀ ਕਿਹਾ ਹੈ ਕਿ ਜਿਥੋਂ ਜਿਥੋਂ ਨਗਰ ਕੌਂਸਲਾਂ ਦੀ ਹਾਰ ਹੋਈ ਹੈ ਉਥੇ ਉਥੇ ਪਾਰਟੀ ਦੀਆਂ ਕਮੀਆਂ ਨੂੰ ਦੇਖਣਾ ਚਾਹੀਦਾ ਹੈ। ਜਿਥੇ ਜਿਥੇ ਪਾਰਟੀ ਵਿੱਚ ਕੋਈ ਕਮੀਂ ਹੈ ਉਥੇ ਉਥੇ ਕਮੀ ਨੂੰ ਦੂਰ ਕਰਨਾ ਚਾਹੀਦਾ ਹੈ।2027 ਦੀਆਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਆਪਣੀ ਵੱਡੀ ਜਿੱਤ ਪ੍ਰਾਪਤ ਕਰੇਗੀ ਇਸ ਲਈ ਹੁਣ ਤੋਂ ਹੀ ਲੱਗ ਜਾਣਾ ਚਾਹੀਦਾ ਹੈ ਆਪਣੇ ਆਪਣੇ ਹਲਕੇ ਵਿੱਚ ਬੂਥ ਕਮੇਟੀਆਂ ਨੂੰ ਬਣਾਉਣ ਲਈ ਕੋਈ ਕਸਰ ਨਹੀਂ ਰਹਿਣੀ ਚਾਹੀਦੀ।

# ਗੜ੍ਹਸ਼ੰਕਰ ਨਗਰ ਕੌਂਸਲ 'ਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ, ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਲਗਾਈ ਮੋਹਰ



**ਹੁਸ਼ਿਆਰਪੁਰ /ਗੜ੍ਹਸ਼ੰਕਰ, 29 ਮਈ :( )** ਸਥਾਨਕ ਨਗਰ ਕੌਂਸਲ ਗੜ੍ਹਸ਼ੰਕਰ ਦੀਆਂ ਚੋਣਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 13 ਵਿੱਚੋਂ 8 ਵਾਰਡਾਂ ਵਿੱਚ ਜਿੱਤ ਦਰਜ ਕਰਕੇ ਵੱਡੀ ਸਿਆਸੀ ਬੜ੍ਹਤ ਹਾਸਲ ਕੀਤੀ ਹੈ। ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਇਕ-ਦੂਜੇ ਨੂੰ ਮਿੱਠਾਈਆਂ ਵੰਡ ਕੇ ਜਿੱਤ ਦਾ ਜਸ਼ਨ ਮਨਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਵੱਲੋਂ ਜਾਰੀ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਬਿਮਲਾ ਦੇਵੀ, ਵਾਰਡ ਨੰਬਰ 3 ਤੋਂ ਜਸਵੀਰ ਕੌਰ, ਵਾਰਡ ਨੰਬਰ 4 ਤੋਂ ਪ੍ਰਿੰਸ, ਵਾਰਡ ਨੰਬਰ 5 ਤੋਂ ਨੀਰਜ ਖੰਨਾ, ਵਾਰਡ ਨੰਬਰ 6 ਤੋਂ ਹਰਪ੍ਰੀਤ ਸਿੰਘ, ਵਾਰਡ ਨੰਬਰ 8 ਤੋਂ ਸੋਮਨਾਥ ਬੰਗੜ, ਵਾਰਡ ਨੰਬਰ 9 ਤੋਂ ਜਸਵਿੰਦਰ ਕੌਰ ਅਤੇ ਵਾਰਡ ਨੰਬਰ 12 ਤੋਂ ਉਪ-ਕਰਨ ਸਿੰਘ ਬੰਗੜ ਨੇ ਜਿੱਤ ਦਰਜ ਕੀਤੀ। ਚੋਣ ਨਤੀਜਿਆਂ ਤੋਂ ਬਾਅਦ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਗੜ੍ਹਸ਼ੰਕਰ ਦੇ ਵੋਟਰਾਂ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਆਪਣੀ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਵਿਕਾਸ ਕਾਰਜਾਂ 'ਤੇ ਵਿਸ਼ਵਾਸ ਜਤਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਹੋਰ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ। ਡਿਪਟੀ ਸਪੀਕਰ ਨੇ ਭਰੋਸਾ ਦਿਵਾਇਆ ਕਿ ਨਗਰ ਕੌਂਸਲ ਵਿੱਚ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾ ਕੇ ਗੜ੍ਹਸ਼ੰਕਰ ਨੂੰ ਵਿਕਾਸ ਪੱਖੋਂ ਨਵੀਆਂ ਉਚਾਈਆਂ 'ਤੇ ਲਿਜਾਇਆ ਜਾਵੇਗਾ।

# ਗੜ੍ਹਸ਼ੰਕਰ ਨਗਰ ਕੌਂਸਲ 'ਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ, ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਲਗਾਈ ਮੋਹਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਥਾਨਕ ਨਗਰ ਕੌਂਸਲ ਗੜ੍ਹਸ਼ੰਕਰ ਦੀਆਂ ਚੋਣਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 13 ਵਿੱਚੋਂ 8 ਵਾਰਡਾਂ ਵਿੱਚ ਜਿੱਤ ਦਰਜ ਕਰਕੇ ਵੱਡੀ ਸਿਆਸੀ ਬੜ੍ਹਤ ਹਾਸਲ ਕੀਤੀ ਹੈ। ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਇਕ-ਦੂਜੇ ਨੂੰ ਮਿੱਠਾਈਆਂ ਵੰਡ ਕੇ ਜਿੱਤ ਦਾ ਜਸ਼ਨ ਮਨਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਵੱਲੋਂ ਜਾਰੀ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਬਿਮਲਾ ਦੇਵੀ, ਵਾਰਡ ਨੰਬਰ 3 ਤੋਂ ਜਸਵੀਰ ਕੌਰ, ਵਾਰਡ ਨੰਬਰ 4 ਤੋਂ ਪ੍ਰਿੰਸ, ਵਾਰਡ ਨੰਬਰ 5 ਤੋਂ ਨੀਰਜ ਖੰਨਾ, ਵਾਰਡ ਨੰਬਰ 6 ਤੋਂ ਹਰਪ੍ਰੀਤ ਸਿੰਘ, ਵਾਰਡ ਨੰਬਰ 8 ਤੋਂ ਸੋਮਨਾਥ ਬੰਗੜ, ਵਾਰਡ ਨੰਬਰ 9 ਤੋਂ ਜਸਵਿੰਦਰ ਕੌਰ ਅਤੇ ਵਾਰਡ ਨੰਬਰ 12 ਤੋਂ ਉਪਕਰਨ ਸਿੰਘ ਬੰਗੜ ਨੇ ਜਿੱਤ ਦਰਜ ਕੀਤੀ। ਚੋਣ ਨਤੀਜਿਆਂ ਤੋਂ ਬਾਅਦ ਡਿਪਟੀ ਸਪੀਕਰ ਨੇ ਗੜ੍ਹਸ਼ੰਕਰ ਦੇ ਵੋਟਰਾਂ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਆਪਣੀ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਵਿਕਾਸ ਕਾਰਜਾਂ 'ਤੇ ਵਿਸ਼ਵਾਸ ਜਤਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਹੋਰ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ। ਡਿਪਟੀ ਸਪੀਕਰ ਨੇ ਭਰੋਸਾ ਦਿਵਾਇਆ ਕਿ ਨਗਰ ਕੌਂਸਲ ਵਿੱਚ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾ ਕੇ ਗੜ੍ਹਸ਼ੰਕਰ ਨੂੰ ਵਿਕਾਸ ਪੱਖੋਂ ਨਵੀਆਂ ਉਚਾਈਆਂ 'ਤੇ ਲਿਜਾਇਆ ਜਾਵੇਗਾ।



# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਮਨਾਇਆ

## ਔਰਤ ਦਾ ਸਿਹਤਮੰਦ ਹੋਣਾ ਪੂਰੇ ਪਰਿਵਾਰ ਦੀ ਖੁਸ਼ਹਾਲੀ ਦਾ ਮੁੱਖ ਆਧਾਰ : ਕੁਲਵਿੰਦਰ ਸਿੰਘ ਢਾਹਾਂ

**ਬੰਗਾ 29 ਮਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਮਨਾਇਆ ਗਿਆ । ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਮੌਕੇ ਔਰਤਾਂ ਵਿਚ ਸਰੀਰਿਕ, ਮਾਨਸਿਕ ਸਿਹਤ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਜ਼ਰੂਰਤ ਹੈ । ਉਹਨਾਂ ਕਿਹਾ ਕਿ ਔਰਤਾਂ ਨੂੰ ਆਪਣੇ ਹੱਕਾਂ ਅਤੇ ਤੰਦਰੁਸਤ ਰਹਿਣ ਪ੍ਰਤੀ ਹਮੇਸ਼ਾ ਚੇਤੰਨ ਰਹਿਣਾ ਚਾਹੀਦਾ ਹੈ, ਕਿਉਂਕਿ ਔਰਤ ਦਾ ਸਿਹਤਮੰਦ ਹੋਣਾ ਪੂਰੇ ਪਰਿਵਾਰ ਦੀ ਖੁਸ਼ਹਾਲੀ ਦਾ ਮੁੱਖ ਆਧਾਰ ਹੁੰਦਾ ਹੈ । ਉਹਨਾਂ ਨੇ ਔਰਤਾਂ ਨੂੰ ਆਪਣੀ ਸਿਹਤ ਦੀ ਨਿਯਮਤ ਜਾਂਚ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਹਸਪਤਾਲ ਦੇ ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਸ਼ਵੇਤਾ ਬਗੜੀਆ ਨੇ ਦੱਸਿਆ ਕਿ ਔਰਤਾਂ ਵਿਚ ਛਾਤੀ ਦਾ ਕੈਂਸਰ, ਹੱਡੀਆਂ ਦੀ ਮਜ਼ਬੂਤੀ , ਥਾਇਰਾਇਡ , ਬਲੱਡ ਪ੍ਰੈਸ਼ਰ, ਹਾਰਮੋਨ, ਮੇਨੋਪੌਜ਼, ਆਇਰਨ, ਵਿਟਾਮਿਨ ਦੀਆਂ ਕਮੀਆਂ ਅਤੇ ਹੋਰ ਬਿਮਾਰੀਆਂ ਤੋਂ ਬਚਣ ਲਈ ਸਮੇਂ-ਸਮੇਂ 'ਤੇ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਔਰਤਾਂ ਪਰਿਵਾਰ ਅਤੇ ਕੰਮ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਆਪਣੀ ਸਿਹਤ ਦਾ ਧਿਆਨ ਰੱਖਣ । ਉਹਨਾਂ ਨੇ ਇਸ ਮੌਕੇ ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਇਸ ਮੌਕੇ ਨਰਸਿੰਗ ਸੁਪਰਡੈਂਟ ਦਵਿੰਦਰ ਕੌਰ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ । ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਨੂੰ ਸਮਰਪਿਤ ਜਾਗਰੂਕਤਾ ਪੋਸਟਰ ਵੀ ਖਿੱਚ ਦਾ ਕੇਂਦਰ ਸਨ। ਇਸ ਮੌਕੇ ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਪਿਊਸ਼ੀ ਯਾਦਵ ਗੁਰੂ ਨਾਨਕ ਪੈਰਾਮੈਡੀਕਲ ਕਾਲਜ, ਡਾ. ਰਵੀਨਾ, ਡਾ. ਤਨਪ੍ਰੀਤ ਕੌਰ, ਸਰਬਜੀਤ ਕੌਰ ਡਿਪਟੀ ਨਰਸਿੰਗ ਸੁਪਰਡੈਂਟ, ਜੋਤੀ ਭਾਟੀਆ ਉ.ਪੀ.ਡੀ. ਮੈਨੇਜਰ, ਬਲਬੀਰ ਕੌਰ ਉ.ਪੀ.ਡੀ. ਇੰਚਾਰਜ, ਬਲਜੀਤ ਕੌਰ, ਸੋਨੀਆ ਸਿੰਘ, ਗੁਰਪ੍ਰੀਤ ਕੌਰ, ਕਿਰਨਦੀਪ ਕੌਰ, ਬਲਬੀਰ ਕੌਰ ਅਤੇ ਸਨੀਤਾ ਰਾਣੀ (ਸਾਰੇ ਵਾਰਡ ਇੰਚਾਰਜ), ਸਮੂਹ ਨਰਸਿੰਗ ਅਤੇ ਹਸਪਤਾਲ ਸਟਾਫ ਵੀ ਹਾਜ਼ਰ ਸੀ ।


ਹਸਪਤਾਲ ਢਾਹਾਂ ਕਲੇਰਾਂ ਵਿਖੇ ਅੰਤਰਰਾਸ਼ਟਰੀ ਮਹਿਲਾ ਸਿਹਤ ਦਿਵਸ ਮੌਕੇ ਸੰਬੋਧਨ ਕਰਦੇ ਹੋਏ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਡਾ. ਸ਼ਵੇਤਾ ਬਗੜੀਆ ਅਤੇ ਹਾਜ਼ਰ ਸਟਾਫ।

# ਰੋਟਰੀ ਕਲੱਬ ਮਿਡ ਟਾਊਨ ਵੱਲੋਂ ਬੱਚਿਆਂ ਲਈ ਹੈਂਡ ਵਾਸ਼ ਸਟੇਸ਼ਨ ਸਮਰਪਿਤ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਥਾਨਕ ਮਲਟੀ ਪਰਪਜ਼ ਆਊਟਡੋਰ ਸਟੇਡੀਅਮ, ਹੁਸ਼ਿਆਰਪੁਰ ਵਿੱਚ ਇਕ ਭਵਿਆ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵੱਲੋਂ ਹੈਂਡ ਵਾਸ਼ ਸਟੇਸ਼ਨ ਸਮਰਪਿਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਹੈਂਡ ਵਾਸ਼ ਸਟੇਸ਼ਨ ਦਾ ਰਸਮੀ ਉਦਘਾਟਨ ਕੀਤਾ। ਸਮਾਗਮ ਦੌਰਾਨ ਰੋਟਰੀ ਕਲੱਬ ਮਿਡ ਟਾਊਨ ਵੱਲੋਂ ਬੱਚਿਆਂ ਦੀ ਸਹੂਲਤ ਲਈ ਸਥਾਪਿਤ ਕੀਤੇ ਗਏ ਹੈਂਡ ਵਾਸ਼ ਸਟੇਸ਼ਨ ਨੂੰ ਵਰਤੋਂ ਲਈ ਸਮਰਪਿਤ ਕੀਤਾ ਗਿਆ। ਖਾਸ ਗੱਲ ਇਹ ਰਹੀ ਕਿ ਇਸ ਸਟੇਸ਼ਨ ਦੇ ਨਾਲ ਅਗਲੇ ਦੋ ਸਾਲਾਂ ਲਈ ਸਾਬਣ ਦੀ ਸਹੂਲਤ ਵੀ ਕਲੱਬ ਵੱਲੋਂ ਉਪਲਬਧ ਕਰਵਾਈ ਜਾਵੇਗੀ, ਤਾਂ ਜੋ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਸਫਾਈ ਸਬੰਧੀ ਸਹੂਲਤਾਂ ਮਿਲਦੀਆਂ ਰਹਿਣ। ਆਪਣੇ ਸੰਬੋਧਨ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਰੋਟਰੀ ਕਲੱਬ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਵਿੱਚ ਹੱਥ ਧੋਣ ਦੀ ਆਦਤ ਵਿਕਸਿਤ ਕਰਨਾ ਕੇਵਲ ਸਫਾਈ ਹੀ ਨਹੀਂ, ਸਗੋਂ ਚੰਗੀ ਸਿਹਤ ਵੱਲ ਵੀ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਸਕੂਲਾਂ, ਖੇਡ ਮੈਦਾਨਾਂ ਅਤੇ ਜਨਤਕ ਥਾਵਾਂ 'ਤੇ ਇਸ ਤਰ੍ਹਾਂ ਦੀਆਂ ਸਹੂਲਤਾਂ ਉਪਲਬਧ ਹੋਣ ਨਾਲ ਬੱਚਿਆਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਵਧੇਗੀ ਅਤੇ ਬਿਮਾਰੀਆਂ ਤੋਂ ਬਚਾਅ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਵਿਚਕਾਰ ਬਿਹਤਰ ਤਾਲਮੇਲ ਦਾ ਉਦਾਹਰਨ ਹਨ। ਉਨ੍ਹਾਂ ਆਸ ਜਤਾਈ ਕਿ ਭਵਿੱਖ ਵਿੱਚ ਵੀ ਲੋਕ ਭਲਾਈ ਨਾਲ ਜੁੜੇ ਅਜਿਹੇ ਪ੍ਰੋਜੈਕਟ ਜਾਰੀ ਰਹਿਣਗੇ।



# ਵਿਧਾਇਕ ਜਿੰਪਾ ਨੇ ਮੁਹੱਲਾ ਕੱਚਾ ਟੋਭਾ 'ਚ 'ਮੇਰੀ ਰਸੋਈ' ਯੋਜਨਾ ਤਹਿਤ ਵੰਡੀਆਂ ਰਾਸ਼ਨ ਕਿੱਟਾਂ

## ਜ਼ਰੂਰਤਮੰਦ ਪਰਿਵਾਰਾਂ ਨੂੰ ਵੱਡੀ ਰਾਹਤ, ਹਰ ਤਿੰਨ ਮਹੀਨੇ 'ਚ ਮਿਲੇਗੀ ਰਾਸ਼ਨ ਕਿੱਟ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮੁਹੱਲਾ ਕੱਚਾ ਟੋਭਾ ਵਿਚ 'ਮੇਰੀ ਰਸੋਈ' ਯੋਜਨਾ ਤਹਿਤ ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਲਗਾਤਾਰ ਆਮ ਲੋਕਾਂ ਦਾ ਆਰਥਿਕ ਬੋਝ ਨੂੰ ਘੱਟ ਕਰਨ ਲਈ ਇਤਿਹਾਸਕ ਫੈਸਲੇ ਲੈ ਰਹੀ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸੂਬੇ ਵਿਚ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ, ਸਰਕਾਰੀ ਹਸਪਤਾਲਾਂ ਵਿਚ ਦਵਾਈਆਂ ਦੀ ਕੋਈ ਕਮੀ ਨਹੀਂ ਹੈ ਅਤੇ ਜਲਦ ਹੀ ਹੁਸ਼ਿਆਰਪੁਰ ਵਿਚ ਮੈਡੀਕਲ ਕਾਲਜ ਦਾ ਨਿਰਮਾਣ ਕਾਰਜ ਵੀ ਸ਼ੁਰੂ ਹੋ ਜਾਵੇਗਾ, ਜਿਸ ਨਾਲ ਸਿਹਤ ਸੇਵਾਵਾਂ ਹੋਰ ਮਜ਼ਬੂਤ ਹੋਣਗੀਆਂ। ਉਨ੍ਹਾਂ ਦੱਸਿਆ ਕਿ 'ਮੇਰੀ ਰਸੋਈ' ਯੋਜਨਾ ਰਾਹੀਂ ਸੂਬੇ ਦੇ ਕਰੀਬ 40 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਗਰੀਬ ਅਤੇ ਜ਼ਰੂਰਤਮੰਦ ਪਰਿਵਾਰਾਂ ਲਈ ਕਿਸੇ ਰਾਹਤ ਤੋਂ ਘੱਟ ਨਹੀਂ ਹੈ ਕਿਉਂਕਿ ਇਸ ਨਾਲ ਰਸੋਈ ਦਾ ਖਰਚ ਕਾਫ਼ੀ ਹੱਦ ਤੱਕ ਘੱਟ ਹੋਵੇਗਾ। ਰਾਸ਼ਨ ਕਿੱਟ ਵਿਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਲੂਣ, 200 ਗਰਾਮ ਹਲਦੀ ਅਤੇ 1 ਲੀਟਰ ਸਰੋਂ ਦਾ ਤੇਲ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹਰ ਲਾਭਪਾਤਰੀ ਪਰਿਵਾਰ ਨੂੰ ਹਰ ਤਿੰਨ ਮਹੀਨੇ ਬਾਅਦ ਇਸ ਤਰ੍ਹਾਂ ਦੀ ਵਿਸ਼ੇਸ਼ ਰਾਸ਼ਨ ਕਿੱਟ ਉਪਲਬੱਧ ਕਰਵਾਈ ਜਾਵੇਗੀ, ਜਿਸ ਵਿਚ ਘਰੇਲੂ ਜ਼ਰੂਰਤ ਦੀਆਂ ਹੋਰ ਵਸਤੂਆਂ ਵੀ ਸ਼ਾਮਲ ਹੋਣਗੀਆਂ। ਵਿਧਾਇਕ ਜਿੰਪਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਮੁਫ਼ਤ ਬਿਜਲੀ, ਬਿਹਤਰ ਸਿਹਤ ਸੇਵਾਵਾਂ, ਉਚ ਪੱਧਰੀ ਸਿੱਖਿਆ ਅਤੇ ਮਹਿਲਾਵਾਂ ਦੀ ਭਲਾਈ ਵਰਗੀਆਂ ਕਈ ਯੋਜਨਾਵਾਂ ਰਾਹੀਂ ਲੋਕਾਂ ਨੂੰ ਸਿੱਧਾ ਲਾਭ ਪਹੁੰਚਾ ਰਹੀ ਹੈ।



# ਟੋਲ ਪਲਾਜ਼ਾ ਖੜ੍ਹੇ ਟਰੱਕ ਦੇ ਪਿੱਛੇ ਮਰੀਜ਼ ਲੈ ਕੇ ਜਾ ਰਹੀ ਐਬੂਲੈਂਸ ਵੱਜੀ

**ਨਵਾਂਸ਼ਹਿਰ /ਕਾਠਗੜ੍ਹ 29 ਮਈ (ਜਤਿੰਦਰ ਸਿੰਘ ਕਲੇਰ ਨਵਾਂਸ਼ਹਿਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਟੋਲ ਪਲਾਜ਼ਾ ਤੇ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਐਸ ਐਸ ਐਫ ਟੀਮ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਰਾਹਗੀਰ ਨੇ ਸੂਚਨਾ ਦਿੱਤੀ ਕਿ ਟੋਲ ਪਲਾਜ਼ਾ ਬੱਛੂਆਂ ਨਜ਼ਦੀਕ ਐਕਸੀਡੈਂਟ ਹੋ ਗਿਆ ਹੈ ਤਾਂ ਉਨ੍ਹਾਂ ਨੇ ਤੁਰੰਤ ਜਾ ਕੇ ਦੇਖਿਆ ਮੌਕੇ ਤੇ ਵੇਖਿਆ ਕਿ ਇੱਕ ਟਰੱਕ ਨੰਬਰ ਪੀ ਬੀ 07ਏ ਐ 8775 ਜਿਸ ਨੂੰ ਗੁਰਦੇਵ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਹੁਸੈਨਪੁਰ ,ਹੁਸ਼ਿਆਰਪੁਰ ਚਲਾ ਰਿਹਾ ਸੀ ਜੋ ਕਿ ਆਪਣਾ ਟਰੱਕ ਟੋਲ ਪਲਾਜ਼ਾ ਬੱਛੂਆਂ ਤੋਂ ਅੱਗੇ ਟਰੱਕ ਰੋਡ ਤੇ ਸਾਇਡ ਤੇ ਲਗਾ ਕੇ ਖੜ੍ਹਾ ਸੀ ,ਬਲਾਚੌਰ ਸਾਇਡ ਤੋਂ ਇੱਕ ਇੱਕ ਐਬੂਲੈਂਸ ਜਿਸ ਦਾ ਨੰਬਰ ਪੀ ਬੀ 32ਪੀ 5875 ਜਿਸਨੂੰ ਕਿ ਨਿਰਵੈਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਮਕਾਨ ਨੰ 779 ਏਕਤਾ ਨਗਰ ,ਅੰਮ੍ਰਿਤਸਰ ਚਲਾ ਰਿਹਾਂ ਸੀ ਜੋ ਕਿ ਇੱਕ



ਮਰੀਜ਼ ਨੂੰ ਅੰਮ੍ਰਿਤਸਰ ਤੋਂ ਪੀ ਜੀਈ ਆਈ ਫਘੀ ਚੰਡੀਗੜ੍ਹ ਲੈ ਕੇ ਜਾ ਰਿਹਾ ਸੀ ,ਅਤੇ ਮਰੀਜ਼ ਨਾਲ ਉਹਨਾਂ ਦਾ ਰਿਸ਼ਤੇਦਾਰ ਵੀ ਸਨ ,ਜਦੋਂ ਐਬੂਲੈਂਸ ਟੋਲ ਪਲਾਜ਼ਾ ਤੇ ਨਜ਼ਦੀਕ ਪਹੁੰਚੀ ਤਾਂ ਐਬੂਲੈਂਸ ਚਾਲਕ ਨੂੰ ਪਤਾ ਨਹੀਂ ਲੱਗਿਆ ਕਿ ਅੱਗੇ ਟਰੱਕ ਖੜ੍ਹਾ ਹੈ ਜਿਸ ਨਾਲ ਐਬੂਲੈਂਸ ਦੀ ਸਿੱਧੀ ਖੜ੍ਹੇ ਟਰੱਕ ਦੇ ਪਿੱਛੇ ਜਾ ਵੱਜੀ ਜਿਸ ਨਾਲ ਐਬੂਲੈਂਸ ਵਿੱਚ ਸਵਾਰ ਮਰੀਜ਼ ਦੇ ਰਿਸ਼ਤੇਦਾਰ ਦੇ ਸੱਟਾਂ ਲੱਗੀਆਂ ।ਬਾਕੀ ਸਾਰਿਆ ਦਾ ਵਾਲ ਵਾਲ ਬਚਾਅ ਹੋ ਗਿਆ ਹਾਦਸੇ ਵਿੱਚ ਐਬੂਲੈਂਸ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ। ਐਸ ਐਸ ਐਫ ਦੀ ਟੀਮ ਵਲੋਂ ਦੂਸਰੀ ਐਬੂਲੈਂਸ ਰਾਹੀ ਮਰੀਜ਼ ਨੂੰ ਪੀ ਜੀ ਆਈ ਚੰਡੀਗੜ੍ਹ ਭੇਜਿਆ ਗਿਆ ਅਤੇ ਜ਼ਖ਼ਮੀ - ਕਮਲਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਖਾਲੂ ,ਕਪੂਰਥਲਾ ਨੂੰ ਇਲਾਜ਼ ਲਈ ਸਿਵਲ ਹਸਪਤਾਲ ਰੋਪੜ੍ਹ ਦਾਖਲ ਕਰਵਾਇਆ ਗਿਆ। ਤੇ ਰੋਡ ਕਲੀਅਰ ਕਰਵਾਇਆ ਗਿਆ ।ਐਸ ਐਸ ਐਫ ਦੀ ਟੀਮ ਵਲੋਂ ਹਾਦਸਾਗ੍ਰਸਤ ਵਾਹਨਾਂ ਨੂੰ ਸਾਇਡ ਤੇ ਕਰਵਾ ਕੇ ਆਵਾਜ਼ਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਇਆ ਅਤੇ ਹਾਦਸੇ ਦੀ ਸੂਚਨਾ ਥਾਣਾ ਕਾਠਗੜ੍ਹ ਅਤੇ ਕੰਟ੍ਰੋਲਰ ਰੂਮ ਨਵਾਂਸ਼ਹਿਰ ਨੂੰ ਦੇ ਦਿੱਤੀ ਗਈ ਹੈ।

# ਕੰਗਣਾ ਪੁਲ ਦੇ ਥੱਲੇ ਨਾਜਾਇਜ਼ ਪਾਰਕਿੰਗ ਕਾਰਨ ਲੱਗ ਰਹੇ ਲੰਬੇ ਜਾਮ, ਪ੍ਰਸ਼ਾਸਨ ਕੋਲੋਂ 'ਨੋ-ਪਾਰਕਿੰਗ' ਬੋਰਡ ਲਗਾਉਣ ਦੀ ਮੰਗ

**ਬਲਾਚੌਰ 29 ਮਈ (ਜਤਿੰਦਰ ਸਿੰਘ ਕਲੇਰ )** ਕੰਗਣਾ ਪੁਲ ਦੇ ਥੱਲੇ ਲੋਕਾਂ ਵੱਲੋਂ ਗਲਤ ਤਰੀਕੇ ਨਾਲ ਖੜੇ ਕੀਤੇ ਜਾ ਰਹੇ ਵਾਹਨਾਂ ਕਾਰਨ ਇੱਥੋਂ ਦੀ ਟਰੈਫਿਕ ਵਿਵਸਥਾ ਬੁਰੀ ਤਰ੍ਹਾਂ ਚਰਮਰਾ ਗਈ ਹੈ। ਰੋਜ਼ਾਨਾ ਇੱਥੇ ਵੱਡੀ ਗਿਣਤੀ ਵਿੱਚ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਬੇਤਰਤੀਬ ਢੰਗ ਨਾਲ ਖੜ੍ਹੇ ਕਰ ਦਿੱਤੇ ਜਾਂਦੇ ਹਨ, ਜਿਸ ਕਾਰਨ ਆਮ ਆਵਾਜਾਈ ਵਿੱਚ ਵੱਡੀ ਰੁਕਾਵਟ ਪੈਦਾ ਹੋ ਰਹੀ ਹੈ ਅਤੇ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਾਣਕਾਰੀ ਅਨੁਸਾਰ, ਪੁਲ ਦੇ ਥੱਲੇ ਵਾਹਨਾਂ ਦੀ ਇਸ ਗਲਤ ਪਾਰਕਿੰਗ ਕਾਰਨ ਆਏ ਦਿਨ ਲੰਬੇ ਟਰੈਫਿਕ ਜਾਮ ਦੀ ਸਥਿਤੀ ਬਣ ਜਾਂਦੀ ਹੈ। ਖਾਸ ਕਰਕੇ ਸਵੇਰੇ ਅਤੇ ਸ਼ਾਮ ਨੂੰ ਸਕੂਲ ਅਤੇ ਦਫ਼ਤਰ ਦੇ ਸਮੇਂ ਦੌਰਾਨ ਇਹ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ, ਜਿਸ ਕਾਰਨ ਨੌਕਰੀਪੇਸ਼ਾ



ਲੋਕਾਂ ਅਤੇ ਸਕੂਲੀ ਬੱਚਿਆਂ ਨੂੰ ਖਾਸ ਪਰੇਸ਼ਾਨੀ ਝੱਲਣੀ ਪੈਂਦੀ ਹੈ। ਵਾਹਨਾਂ ਦੀ ਬੇਤਰਤੀਬੀ ਕਾਰਨ ਇੱਥੋਂ ਲੰਘਣ ਵਾਲੇ ਹੋਰ ਵਾਹਨ ਚਾਲਕਾਂ ਨੂੰ ਵੀ ਆਪਣਾ ਰਸਤਾ ਤੈਅ ਕਰਨ ਵਿੱਚ ਕਾਫੀ ਮੁਸ਼ਕਲ ਆਉਂਦੀ ਹੈ। ਇਲ-ਾਕਾ ਵਾਸੀਆਂ ਦੀ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਨੇ ਪ੍ਰਸ਼ਾਸਨ ਅਤੇ ਟਰੈਫਿਕ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਜਲਦ ਹੱਲ ਕੱਢਿਆ ਜਾਵੇ। ਉਨ੍ਹਾਂ ਕਿਹਾ ਕਿ ਪੁਲ ਦੇ ਥੱਲੇ ਗਲਤ ਢੰਗ ਨਾਲ ਵਾਹਨ ਖੜੇ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਵਾਹਨਾਂ ਦੇ ਚਲਾਨ ਕੀਤੇ ਜਾਣ ਅਤੇ ਇਸ ਜਗ੍ਹਾ 'ਤੇ 'ਨੋ-ਪਾਰਕਿੰਗ' ਦੇ ਬੋਰਡ ਲਗਾ ਕੇ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਇਆ ਜਾਵੇ।

# ਮਾਣੇਵਾਲ ਦੇ ਸਰਪੰਚ ਨੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਲਗਵਾਏ ਏ. ਸੀ

## ਬੱਚਿਆਂ ਨੂੰ ਗਰਮੀ ਤੋਂ ਰਾਹਤ ਮਿਲੇਗੀ-ਗਿਆਨ ਸਿੰਘ ਕਟਾਰੀਆ

**ਨਵਾਸ਼ਹਿਰ /ਕਾਠਗੜ੍ਹ, 29ਮਈ ( ਜਤਿੰਦਰ ਪਾਲ ਸਿੰਘ ਕਲੇਰ )** ਮਾਸਟਰ ਧਰਮਪਾਲ ਸੁੱਧਾਮਾਜਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਵਾਲ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਬਲਜਿੰਦਰ ਸਿੰਘ ਸਰਪੰਚ ਮਾਣੇਵਾਲ ਵਲੋਂ ਸਕੂਲ ਵਿੱਚ ਏ ਸੀ ਲਗਵਾਏ ਜਾਣ ਕਰਕੇ ਉਹਨਾਂ ਨੂੰ ਤੇ ਪੰਚਾਇਤ ਮੈਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਲ ਇਸ ਮੌਕੇ ਬਲਾਕ ਨੋਡਲ ਅਫ਼ਸਰ ਗਿਆਨ ਸਿੰਘ ਕਟਾਰੀਆ ਨੇ ਕਿਹਾ ਕਿ ਸਰਕਾਰੀ ਸਕੂਲ ਵਿੱਚ ਏ ਸੀ ਲਗਵਾਉਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ ਇਸ ਨਾਲ ਬੱਚਿਆਂ ਨੂੰ ਗਰਮੀ ਤੋਂ ਰਾਹਤ ਮਿਲੇਗੀ ਲ ਇਸ ਮੌਕੇ ਸੀ ਐਚ ਟੀ ਅਮਨਦੀਪ ਸਿੰਘ ਅਤੇ ਕਮਲੇਸ਼ ਕੁਮਾਰੀ ਅਤੇ ਬਲਾਕ ਰਿਸੋਰਸ ਪਰਸਨ ਰੀਨਾ ਚੌਧਰੀ ਨੇ ਵੀ ਅਪਣੇ ਵਿਚਾਰ ਰੱਖੇ ਲ ਇਸ ਮੌਕੇ



ਸਰਪੰਚ ਬਲਜਿੰਦਰ ਸਿੰਘ ਨੇ ਕਿਹਾ ਸਕੂਲ ਲਈ ਉਹ ਹਰ ਸਮੇਂ ਹਰ ਮਦਦ ਕਰਨ ਕਰਨ ਲਈ ਤਿਆਰ ਹਨ ਲ ਉਹਨਾਂ ਸਕੂਲ ਸਟਾਫ ਮਾਸਟਰ ਧਰਮਪਾਲ ਸੁੱਧਾ ਮਾਜਰਾ ਅਤੇ ਮੈਡਮ ਪਰਵਿੰਦਰ ਕੌਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਟਾਫ ਬਹੁਤ ਮਿਹਨਤੀ ਹੈ ਲ

ਇਸ ਮੌਕੇ ਮਾਸਟਰ ਚਰਨਜੀਤ ਸਿੰਘ ਸਿਆਣ ਨੇ ਸਟੇਜ ਸੈਕਟਰੀ ਦੀ ਭੂਮਿਕਾ ਬੜੇ ਸੁਚੱਜੇ ਢੰਗ ਨਾਲ ਨਿਭਾਈ ਲ ਇਸ ਮੌਕੇ ਵਿਸ਼ੇਸ ਤੌਰ ਤੇ ਗੁਰਵਿੰਦਰ ਸਿੰਘ ਸੰਗਰੂਰ ਨੇ ਵੀ ਇਸ ਸਮਾਗਮ ਵਿੱਚ ਹਾਜ਼ਰੀ ਲਗਵਾਈ ਲ ਇਸ ਮੌਕੇ ਆਂਗਣਵਾੜੀ ਵਰਕਰ ਦਰਸ਼ਨਾਂ ਦੇਵੀ, ਦੇਵ ਰਾਜ, ਅਸ਼ੋਕ ਕੁਮਾਰ,ਮਲਕੀਤ ਸਿੰਘ,ਬਬਲੀ ਪੰਚ,ਸੇਠੀ ਕੁਮਾਰ ਅਤੇ ਬਲਜੀਤ ਸਿੰਘ ਪੰਚ, ਐੱਸ ਐਮ ਸੀ ਚੇਅਰਪ੍ਰਸਨ ਅਮਨਦੀਪ ਕੌਰ,ਕਿਰਨਦੀਪ ਕੌਰ, ਜਸਵਿੰਦਰ ਸਿੰਘ,ਕਿਰਨ ਕੌਰ,ਗੁਰਬਖ਼ਸ ਕੌਰ, ਹਰਦੀਪ ਕੌਰ, ਹੈੱਡ ਟੀਚਰ ਇੰਦਰਜੀਤ ਕੌਰ, ਨਰੇਸ਼ ਕੁਮਾਰ, ਪਰਮਿੰਦਰ ਸਿੰਘ, ਹਰੀਸ਼ ਰਾਣਾ, ਮਾਸਟਰ ਹਰਜੀਤ ਸਿੰਘ ਸਹੋਤਾ, ਕੋਮਲ ਮੇਨਕਾ,ਭਜਨ ਲਾਲ ਅਤੇ ਮਾਸਟਰ ਚੰਦਰਦੇਵ ਆਦਿ ਹਾਜਰ ਸਨ।

# ਐਡਵੋਕੇਟ ਘਈ ਨੂੰ ਜ਼ਿਲ੍ਹਾ ਪ੍ਰਧਾਨ ਹਟਾਉਣਾ ਮਹਿੰਗਾ ਪਿਆ:ਗੋਲਡੀ ਪੁਰਖਾਲੀ

**ਰੂਪਨਗਰ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਰੋਪੜ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਬਸਪਾ ਰੋਪੜ ਦੇ ਟਕਸਾਲੀ ਅਤੇ ਸਹਿਰ ਵਾਸੀਆਂ ਦੇ ਹਰਮਨ ਪਿਆਰੇ ਲੀਡਰ ਸੀਨੀਅਰ ਐਡਵੋਕੇਟ ਚਰਨਜੀਤ ਸਿੰਘ ਘਈ ਨੂੰ ਬਸਪਾ ਪੰਜਾਬ ਵਲੋਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਕੇ ਕੁਝ ਹੀ ਦਿਨਾਂ ਬਾਅਦ ਜ਼ਿਲ੍ਹਾ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ ਸੀ ।ਜਿਸਦਾ ਰੋਪੜ



ਦੇ ਬਸਪਾ ਵਰਕਰਾਂ ਅਤੇ ਪੂਰੇ ਪੰਜਾਬ ਦੇ ਮਜਬੀ ਬਾਲਮੀਕੀ ਭਾਈਚਾਰੇ ਵਿੱਚ ਬਹੁਤ ਰੋਸ ਪਾਇਆ ਗਿਆ ਸੀ ।ਰੋਪੜ ਜ਼ਿਲ੍ਹੇ ਦੀਆਂ ਛੇ ਨਗਰ ਕੌਂਸਲਾਂ ਵਿੱਚ ਬਸਪਾ ਦਾ ਇੱਕ ਵੀ ਉਮੀਦਵਾਰ ਨਹੀਂ ਜਿੱਤਿਆ ਜਿਸਦਾ ਮੁੱਖ ਕਾਰਨ ਮਾਨਯੋਗ ਚਰਨਜੀਤ ਸਿੰਘ ਘਈ ਜੀ ਨੂੰ ਜ਼ਿਲ੍ਹਾ ਪ੍ਰਧਾਨਗੀ ਤੋਂ ਬੇਜਿੱਤ ਕਰਕੇ ਹਟਾਉਣਾ ਹੀ ਮੰਨਿਆ ਜਾ ਰਿਹਾ ਹੈ ।ਜੇਕਰ ਬਸਪਾ ਨੇ ਮੁੜ ਰੋਪੜ ਜ਼ਿਲ੍ਹੇ ਵਿੱਚ ਚੰਗੀ ਕਾਰਗੁਜ਼ਾਰੀ ਕਰਨੀ ਹੈ ਤਾਂ ਜ਼ਿਲ੍ਹੇ ਦੀ ਕਮਾਨ ਮੁੜ ਚਰਨਜੀਤ ਸਿੰਘ ਘਈ ਦੇ ਹੱਥਾਂ ਵਿੱਚ ਹੀ ਦੇਣੀ ਪਵੇਗੀ ।



# ਹਾਕੀ ਜਗਤ ਨੂੰ ਵੱਡਾ ਝਟਕਾ :ਕਲੌਡ ਲੇਮਿਯੂ ਦਾ 60 ਸਾਲ ਦੀ ਉਮਰ ਵਿੱਚ ਦਿਹਾਂਤ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਅਤੇ ਅੰਤਰਰਾਸ਼ਟਰੀ ਹਾਕੀ ਜਗਤ ਲਈ ਦੁਖਦਾਈ ਸੂਚਨਾ ਹੈ। ਮੋਂਟਰੀਅਲ ਕੈਨੇਡੀਅਨਜ਼ ਦੇ ਸਾਬਕਾ ਦਿਗਗਜ ਖਿਡਾਰੀ ਅਤੇ ਚਾਰ ਵਾਰ ਸਟੈਨਲੀ ਕੱਪ ਜੇਤੂ ਕਲੌਡ ਲੇਮਿਯੂ ਦਾ 60 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਾਲ ਹਾਕੀ ਪ੍ਰੇਮੀਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਕਲੌਡ ਲੇਮਿਯੂ ਨੇ ਆਪਣੇ ਲੰਬੇ ਕੈਰੀਅਰ ਦੌਰਾਨ ਆਪਣੀ ਜ਼ੋਰਦਾਰ ਖੇਡ, ਜਜ਼ਬੇ ਅਤੇ ਮਹੱਤਵਪੂਰਨ ਮੈਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਵੱਖਰੀ ਪਹਿਚਾਣ ਬਣਾਈ। ਉਹ ਐਨਐਚਐਲ ਦੇ ਸਭ ਤੋਂ ਚਰਚਿਤ ਅਤੇ ਕਾਮਯਾਬ ਖਿਡਾਰੀਆਂ ਵਿੱਚੋਂ ਇੱਕ ਮੰਨੇ ਜਾਂਦੇ ਸਨ।ਉਨ੍ਹਾਂ ਨੇ ਆਪਣੇ ਕੈਰੀਅਰ ਦੌਰਾਨ ਚਾਰ ਵਾਰ ਸਟੈਨਲੀ ਕੱਪ ਜਿੱਤ ਕੇ ਹਾਕੀ ਇਤਿਹਾਸ ਵਿੱਚ ਖਾਸ ਥਾਂ ਬਣਾਈ। ਮੋਂਟਰੀਅਲ ਕੈਨੇਡੀਅਨਜ਼ ਨਾਲ ਜੁੜੇ ਉਨ੍ਹਾਂ ਦੇ ਯੋਗਦਾਨ ਨੂੰ ਅੱਜ ਵੀ ਹਾਕੀ ਪ੍ਰੇਮੀ ਯਾਦ ਕਰਦੇ ਹਨ। ਕਲੌਡ ਲੇਮਿਯੂ ਦੇ ਦਿਹਾਂਤ ਮਗਰੋਂ ਸਾਬਕਾ ਖਿਡਾਰੀਆਂ, ਟੀਮਾਂ ਅਤੇ ਪ੍ਰਸ਼ੰਸਕਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਹਾਕੀ ਜਗਤ ਨੇ ਇੱਕ ਐਸਾ ਸਿਤਾਰਾ ਗੁਆ ਦਿੱਤਾ ਹੈ ਜਿਸ ਨੇ ਖੇਡ ਨੂੰ ਕਈ ਯਾਦਗਾਰ ਪਲ ਦਿੱਤੇ।



ਕਲੌਡ ਲੇਮਿਯੂ ਦੀ ਇੱਕ ਤਸਵੀਰ

ਸਮਾਜ ਵੀਕਲੀ ਨਿਊਜ਼

## ਜਦੋਂ ਘਰ, ਘਰ ਨਹੀਂ ਰਹਿੰਦਾ

ਜਦ ਜੋੜੀ, ਜੋੜੀ 'ਨੀਂ ਰਹਿੰਦੀ ,  
ਖ਼ਾਲੀ ਖ਼ਾਲੀ ਘਰ ਹੋ ਜਾਂਦੈ ।  
ਅਪਣੇ ਹੱਥੀਂ ਸੱਜਣ ਤੋਰ ਕੇ ,  
ਕਿੱਦਾਂ ਵਿਛੋੜਾ ਜਰ ਹੋ ਜਾਂਦੈ ।  
ਘਰ ਦੇ ਇੱਕੋ ਜੀਅ ਬਾਝੋਂ ਹੀ,  
ਘਰ ਤਾਂ ਜਾਪਦੈ ਨਿਰਾ ਮਕਾਨ ;  
ਜਦੋਂ ਉਡੀਕ ਨਾ ਕਰਦਾ ਕੋਈ ,  
ਸੁੰਨਾਂ ਸੁੰਨਾਂ ਦਰ ਹੋ ਜਾਂਦੈ ।

ਸਮਾਜ ਵੀਕਲੀ ਨਿਊਜ਼



**ਮੂਲ ਚੰਦ ਸ਼ਰਮਾ ਪ੍ਰਧਾਨ ,**  
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**  
**9914836037**

# ਡੇਂਗੂ ਦੀ ਰੋਕਥਾਮ ਲਈ ਫਰਿਜਾਂ ਦੀਆਂ ਟਰੇਆਂ ਤੇ ਗਮਲਿਆਂ ਵਿੱਚ ਜਮ੍ਹਾਂ ਪਾਣੀ ਹਫ਼ਤੇ 'ਚ ਇਕ ਵਾਰ ਜ਼ਰੂਰ ਸੁਕਾਇਆ ਜਾਵੇ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

## "ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਵਾਂਸ਼ਹਿਰ ਵਿਖੇ ਡੇਂਗੂ ਮੁਹਿੰਮ ਦਾ ਨਿਰੀਖਣ

**ਨਵਾਂਸ਼ਹਿਰ, 29 ਮਈ (ਮਨੋਰੰਜਨ ਕਾਲੀਆ):** ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਜੀ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹੇ ਵਿੱਚ ਆਮ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਤੋਂ ਬਚਾਉਣ ਲਈ ਵਿੱਢੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੈਗਾ ਮੁਹਿੰਮ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਵਾਂਸ਼ਹਿਰ ਵਿਖੇ ਡੇਂਗੂ ਵਿਰੋਧੀ ਮੁਹਿੰਮ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਵੱਖ-ਵੱਖ ਧਾਰਮਿਕ ਸਥਾਨਾਂ ਵਿਖੇ ਪਹੁੰਚ ਕੇ ਡੇਂਗੂ ਲਾਰਵਾ ਚੈੱਕ ਕੀਤਾ ਤੇ ਡੇਂਗੂ ਲਾਰਵੇ ਦੀ ਪਛਾਣ ਤੇ ਲਾਰਵੇ ਨੂੰ ਖਤਮ ਕਰਨ ਦੇ ਤਰੀਕੇ ਬਾਰੇ ਵੀ ਦੱਸਿਆ। ਇਸੇ ਦੌਰਾਨ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਮੌਜੂਦ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਡੇਂਗੂ ਪ੍ਰਤੀ ਹਰ ਕਿਸੇ ਨੂੰ ਸੁਚੇਤ ਰਹਿਣ ਦੀ ਲੋੜ ਹੈ, ਜਿਸ ਨਾਲ ਉਹ ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇ ਕੇ ਇਸ ਜਾਨ-ਲੇਵਾ ਬਿਮਾਰੀ ਤੋਂ ਆਸਾਨੀ ਨਾਲ ਬਚ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਆਮ ਲੋਕਾਂ ਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਕੇ ਮੱਛਰ ਦੇ ਲਾਰਵੇ ਨੂੰ ਖਤਮ ਕਰਨਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਨੇ ਦੱਸਿਆ ਕਿ ਡੇਂਗੂ ਇੱਕ ਘਾਤਕ ਬਿਮਾਰੀ ਹੈ ਅਤੇ ਇਸ ਨੂੰ ਤਾਂ ਹੀ ਰੋਕਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੇ ਆਲੇ-ਦੁਆਲੇ ਪਾਣੀ ਖੜਾ ਨਾ ਹੋਣ ਦੇਈਏ। ਤੇਜ਼ ਬੁਖਾਰ ਹੋਣਾ, ਸਿਰ ਦਰਦ, ਮਾਸਪੇਸ਼ੀਆਂ ਵਿਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜ੍ਹਿਆਂ ਅਤੇ ਨੱਕ ਵਿਚੋਂ ਖੂਨ ਵਗਣਾ ਡੇਂਗੂ ਬੁਖਾਰ ਦੇ ਮੁੱਖ ਲੱਛਣ ਹਨ। ਉਨ੍ਹਾਂ ਦੱਸਿਆ ਕਿ ਡੇਂਗੂ ਤੋਂ ਘਬਰਾਉਣ ਦੀ ਲੋੜ ਨਹੀਂ, ਬਲਕਿ ਬਿਮਾਰੀ ਤੋਂ ਸਾਵਧਾਨੀ ਵਰਤਣ ਤੇ ਜਾਗਰੂਕਤਾ ਦੀ ਜ਼ਰੂਰਤ ਹੈ।

ਸਮਾਜ ਵੀਕਲੀ ਨਿਊਜ਼



# ਨਵਾਂਸ਼ਹਿਰ ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਗੁਰਮਤਿ ਸਮਾਗਮ 7 ਜੂਨ ਨੂੰ, ਸੰਗਤਾਂ ਨੂੰ ਪਹੁੰਚਣ ਦੀ ਅਪੀਲ

**ਨਵਾਂਸ਼ਹਿਰ, 29 ਮਈ (ਜਤਿੰਦਰ ਪਾਲ ਸਿੰਘ ਕਲੇਰ):** ਤੀਜਾ ਘੱਲੂਘਾਰਾ ਜੂਨ 1984 ਦੇ ਸਮੂਹ ਸ਼ਹੀਦਾਂ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਿਤ ਇੱਕ ਵਿਸ਼ੇਸ਼ ਗੁਰਮਤਿ ਸਮਾਗਮ ਇਤਿਹਾਸਕ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਨਵਾਂਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਧਾਰਮਿਕ ਸਮਾਗਮ ਆਉਂਦੀ 7 ਜੂਨ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਪੂਰੀ ਸ਼ਰਧਾ ਭਾਵਨਾ ਨਾਲ ਸਜਾਇਆ ਜਾਵੇਗਾ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਮੁੱਖ ਧਾਰਮਿਕ ਸ਼ਖਸੀਅਤ ਗਿਆਨੀ ਸਤਨਾਮ ਸਿੰਘ ਭਾਰਾਪੁਰ ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਮਹਾਨ ਗੁਰਮਤਿ ਸਮਾਗਮ ਵਿੱਚ ਸੰਗਤਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਵੱਖ-ਵੱਖ ਇਲਾਕਿਆਂ ਦਾ ਦੌਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰਬੰਧਕਾਂ ਵੱਲੋਂ ਪਿੰਡ-ਪਿੰਡ ਜਾ ਕੇ ਸੰਗਤਾਂ ਨੂੰ ਇਸ ਸਮਾਗਮ ਪ੍ਰਤੀ ਜਾਗਰੂਕ ਅਤੇ ਲਾਮਬੰਦ ਕਰਦਿਆਂ ਗੁਰੂ ਚਰਨਾਂ ਵਿੱਚ ਹਾਜ਼ਰੀ ਭਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਜੋ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਜਾ ਸਕੇ।ਸੰਗਤਾਂ ਨੂੰ ਲਾਮਬੰਦ ਕਰਨ ਦੀ ਇਸ ਮੁਹਿੰਮ ਦੌਰਾਨ ਗਿਆਨੀ ਸਤਨਾਮ ਸਿੰਘ ਭਾਰਾਪੁਰ ਦੇ ਨਾਲ ਮਾਸਟਰ ਬਖਸ਼ੀਸ਼ ਸਿੰਘ ਜਗਤਪੁਰ, ਜਥੇਦਾਰ ਸਤਨਾਮ ਸਿੰਘ ਗੁੱਲਪੁਰ ਅਤੇ ਜਥੇਦਾਰ ਦਲਜੀਤ ਸਿੰਘ ਮੋਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਨ੍ਹਾਂ ਸਾਰੇ ਆਗੂਆਂ ਨੇ ਸਮੂਹ ਮਾਈ-ਭਾਈ ਅਤੇ ਇਲ-ਾਕੇ ਦੀ ਸਾਧ-ਸੰਗਤ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ 7 ਜੂਨ ਨੂੰ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਸਮੇਂ ਸਿਰ ਪਹੁੰਚ ਕੇ ਗੁਰਬਾਣੀ ਕੀਰਤਨ ਅਤੇ ਕਥਾ-ਵਿਚਾਰਾਂ ਸਰਵਣ ਕਰਨ ਅਤੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣਨ।



# ਹਾਸ ਵਿਅੰਗ: ਪੈਸਾ ਹੈ ਹੀ ਐਸਾ

ਅੱਜ ਸਾਰੀ ਰਾਤ ਉੱਸਲ-ਵੱਟੇ ਲੈਂਦਿਆਂ ਬੀਤੀ। ਜਦੋਂ ਥੋੜ੍ਹੀ ਜਿਹੀ ਅੱਖ ਲੱਗਦੀ (ਮੁਆਫ਼ ਕਰਨਾ, ਕਿਸੇ ਕੁੜੀ-ਚਿੜੀ ਵੱਲ ਧਿਆਨ ਨਾ ਲੈ ਜਾਇਓ) ਤਾਂ ਖ਼ਾਲੀ ਬਟੂਆ ਹੂਬਾਂ ਮਾਰਦਾ ਦਿਸਦਾ। ਮੈਨੂੰ ਲੱਗਦਾ, ਜਿਵੇਂ ਉਹ ਕਹਿ ਰਿਹਾ ਹੋਵੇ ਕਿ ਸਰਦਾਰਾ, ਬਾਹਰ ਜਾਣ ਲੱਗਿਆਂ ਤਾਂ ਬੜੀ ਟੱਸ਼ਨ ਕੱਢ ਕੇ ਜਾਂਦੈ, ਪੱਗੜ ਨੂੰ ਸੰਤਰੇ ਦੀਆਂ ਫਾੜੀਆਂ ਵਾਂਗੂ ਸਜਾ-ਸਜਾ ਕੇ ਇੱਕ ਦੂਜੀ ਉੱਤੇ ਧਰਨੋਂ ਥੱਕਦਾ ਨਹੀਂ, ਪਰ ਮੇਰੀ ਅੱਜ ਕੱਲ੍ਹ ਸਾਰ ਨਹੀਂ ਲੈਂਦਾ। ਖ਼ਾਲੀ ਢਿੱਡ ਵਿੱਚ ਨੋਟਾਂ ਦੀਆਂ ਪੰਜ-ਸੱਤ ਤਹਿਆਂ ਹੀ ਲਾ ਦੇ। ਐਵੇਂ ਪਲਾਸਟਿਕ ਦੇ ਕਾਰਡ ਨਾਲ ਮੇਰਾ ਬੁੱਤਾ ਸਾਰੀ ਜਾਣੈਂ। ਗੱਲ ਤਾਂ ਮੈਨੂੰ ਉਹਦੀ ਠੀਕ ਲੱਗੀ। ਜਿਹੜਾ ਨਿੱਘ ਪੈਸੇ ਦਾ ਮਿਲਦਾ ਹੈ, ਉਹ ਪਲਾਸਟਿਕ ਦੇ ਕਾਰਡ 'ਚ ਕਿੱਥੇ? ਪਤਾ ਹੀ ਨਹੀਂ ਲੱਗਦਾ ਕਿ ਉਸ ਉੱਤੇ ਬੈਂਕ ਵਾਲੇ ਕਿੰਨਾ ਕੁ ਉਧਾਰ ਚਾੜ੍ਹੀ ਬੈਠੇ ਹੁੰਦੇ ਹਨ?

ਚਾਹ ਦਾ 'ਕੱਪ' ਪੀਣ ਤੋਂ ਪਹਿਲਾਂ ਹੀ ਸੋਚਣ ਲੱਗਾ ਕਿ ਮੈਂ ਪੈਸੇ 'ਤੇ ਕੀ ਬੋਲ/ਲਿਖ ਸਕਦਾ ਹਾਂ? ਪੈਸਾ ਤਾਂ ਆਪ ਹੀ ਬਹੁਤ ਕੁਝ ਬੋਲ ਸਕਦਾ ਹੈ। ਕਈ ਲੋਕਾਂ ਨੂੰ ਪੈਸਾ ਨਜ਼ਰ ਆਉਂਦਾ ਹੈ ਤੇ ਕਈ ਪੈਸੇ ਨੂੰ ਆਪਣੇ ਉੱਪਰ ਨਜ਼ਰ ਆਉਣ ਦਿੰਦੇ ਹਨ। ਕੁੱਝ ਲੋਕ ਅਜਿਹੇ ਵੀ ਹੁੰਦੇ ਹਨ ਕਿ ਜਿਨ੍ਹਾਂ ਕੋਲ ਕੋਈ ਪੈਸਾ-ਵੈਸਾ ਨਹੀਂ ਹੁੰਦਾ - ਸ਼ਾਹੀ ਮਲੰਗ - ਕੋਸ਼ਿਸ਼ ਕਰਦੇ ਰਹਿੰਦੇ ਨੇ ਕਿ ਕਿਸੇ ਤੋਂ ਚਾਰ ਪੈਸੇ ਮਿਲ ਜਾਣ, ਠੱਗਿਆ ਜਾਵੇ।

ਤੁਸੀਂ ਵੀ ਛੋਟੇ ਹੁੰਦਿਆਂ ਤੋਂ ਸੁਣਦੇ ਆ ਰਹੇ ਹੋ ਕਿ ਪੈਸਾ ਹੱਥ ਦੀ ਮੈਲ ਹੁੰਦਾ, ਜੋ ਹੱਥਾਂ ਵਿਚੋਂ ਦੀ ਲੰਘ ਕੇ ਨੀਅਤ ਵਿੱਚ ਆ ਜਾਂਦਾ ਹੈ। ਇਹ ਹੌਲੀ-ਹੌਲੀ ਤੁਰਦਾ ਦਿਲ 'ਚ ਪਹੁੰਚਦਾ ਹੈ ਤੇ ਫਿਰ ਰਿਸ਼ਤਿਆਂ ਤੱਕ ਜਾਂਦਾ ਹੈ। ਤੁਸੀਂ ਦੱਸੋ, ਭਲਾ ਕੀ ਕੋਈ ਪੈਸੇ ਤੋਂ ਹੱਥ ਧੋ ਬੈਠੇ? ਇਹ ਕਿਵੇਂ ਹੋ ਸਕਦਾ ਹੈ? ਇਸੇ ਕਰਕੇ ਇਸ ਦੀ ਮੈਲ ਇਸ ਹੱਦ ਤੱਕ ਜਮਾਂ ਹੋ ਜਾਂਦੀ ਹੈ ਕਿ ਮੈਲ ਦਾ ਪੱਥਰ ਬਣ ਜਾਂਦਾ ਹੈ। ਅਜਿਹੇ ਲੋਕ ਦੁਨੀਆ ਛੱਡਣ ਸਮੇਂ ਸਿਕੰਦਰ ਦੀ ਤਰ੍ਹਾਂ ਖ਼ਾਲੀ ਹੱਥ ਜਾਂਦੇ ਹਨ ਪਰ ਕਦੇ ਸਿਕੰਦਰ ਦੀ ਜ਼ਿੰਦਗੀ ਜੀ ਕੇ ਨਹੀਂ ਦੇਖੀ ਹੁੰਦੀ।

ਪੈਸਾ ਕਈ ਰੋਗਾਂ ਦਾ ਸਬੱਬ ਬਣ ਜਾਂਦਾ ਹੈ। ਕਈਆਂ ਨੂੰ, ਖ਼ਾਸ ਕਰ ਧਨਾਢਾਂ ਨੂੰ, ਕਈ-ਕਈ ਹਜ਼ਾਰਾਂ ਕਰੋੜਾਂ ਦਾ ਕਰਜ਼ਾ ਲੈਣ ਦਾ ਅਜਿਹਾ 'ਚਸਕਾ-ਰੋਗ' ਲੱਗ ਜਾਂਦਾ ਹੈ ਕਿ ਮਰਦੇ ਦਮ ਤੱਕ ਖਹਿੜਾ ਨਹੀਂ ਛੱਡਦਾ। ਕਈ ਕਿਸੇ ਨੂੰ ਕਰਜ਼ਾ ਦੇ ਕੇ ਸੂਦ ਦੀ ਬਿਮਾਰੀ ਬੇਵਜ੍ਹਾ ਆਪਣੇ ਗਲ ਪਵਾ ਲੈਂਦੇ ਨੇ, ਜਿਸ ਦਾ ਇਲਾਜ ਕੇਵਲ ਕਰਜ਼ਾ ਲੈਣ (ਮਕਰੂਜ਼) ਵਾਲੇ ਕੋਲ ਹੀ ਹੁੰਦਾ ਹੈ ਪਰ ਉਹ ਆਪਣਾ ਇਹ 'ਪੇਟਿੰਟ ਨੁਸਖ਼ਾ' ਆਪਣੇ ਬਿਮਾਰ ਨੂੰ ਕਦੇ ਨਹੀਂ ਦਿੰਦਾ। ਉਹ ਇਹ 'ਮੰਗਵੇਂ ਖੰਭ' ਲੈ ਕੇ ਧਰਤੀ 'ਤੇ ਉੱਡਣ ਲੱਗਦਾ ਹੈ ਅਤੇ ਇਸੇ ਕਰਜ਼ੇ ਦੇ ਜਾਦੂਮਈ ਅਸਰ ਨਾਲ ਗ਼ਾਇਬ ਹੋ ਜਾਂਦਾ ਹੈ। ਕਈ ਵਾਰੀ ਤਾਂ ਕਰਜ਼ੇ ਦੀ ਰਕਮ ਕਢਾਉਣ ਵਾਸਤੇ, ਜਾਨ ਕੱਢਣ ਨਾਲੋਂ ਵੀ ਮੁਸ਼ਕਲ ਪਵਾੜਾ ਪੈ ਜਾਂਦਾ ਹੈ। ਕਈ ਰਿਣਦਾਤੇ ਲੋਕ (ਬੈਂਕ, ਆੜ੍ਹਤੀਏ) ਆਪਣਾ ਕਰਜ਼ਾ ਵਾਪਸ ਲੈਣ ਦੇ ਝੰਜਟਾਂ ਤੋਂ ਬਚਣ ਲਈ ਬਾਹਰੋਂ-ਬਾਹਰ ਹੀ ਕਰਜ਼ਦਾਰ ਦੀ ਜਾਨ (ਖ਼ੁਦਕੁਸ਼ੀ) ਲੈ ਲੈਂਦੇ ਹਨ।

ਪੈਸਾ ਜਿੰਨਾ ਕਮਾਇਆ ਜਾਵੇ, ਓਨਾ ਹੀ ਥੋੜ੍ਹਾ ਲੱਗਦਾ ਹੈ। ਜ਼ਰਾ ਸੋਚੋ, ਜਦ ਤੁਸੀਂ ਕੋਈ ਵੀ ਚੈੱਕ ਲਿਖਦੇ/ਕੱਟਦੇ ਹੋ ਤਾਂ ਉਸ 'ਤੇ ਰਕਮ ਦੇ ਪਿੱਛੋਂ 'ਓਨਲੀ' ਲਿਖਦੇ ਹੋ। ਭਾਵੇਂ ਸੌ ਦਾ ਹੋਵੇ ਤਾਂ ਵੀ ਅਤੇ ਕਰੋੜ ਦਾ ਹੋਵੇ ਤਾਂ ਵੀ। ਬਹੁਤੇ ਲੋਕਾਂ ਦੀ ਜ਼ਿੰਦਗੀ ਦਾ ਮਕਸਦ ਕੇਵਲ ਪੈਸਾ ਕਮਾਉਣਾ ਹੀ 'ਓਨਲੀ' ਹੁੰਦਾ ਹੈ। ਇਹ ਲੋਕ ਕਿਉਂ ਭੁੱਲ ਜਾਂਦੇ ਹਨ ਕਿ ਜਿਸ ਤਰੀਕੇ ਨਾਲ ਇਹ ਉਨ੍ਹਾਂ ਕੋਲ ਆਇਆ ਹੈ, ਉਸੇ ਵਿਚੋਂ ਕੁੱਝ ਹਿੱਸਾ ਲੋੜਵੰਦਾ ਕੋਲੇ ਵੀ ਜਾਣਾ ਚਾਹੀਦਾ ਹੈ।

ਜਦੋਂ ਕਦੇ ਸਾਡੇ ਕੋਲ ਕਿਸੇ ਵਸੀਲੇ ਨਾਲ ਢੇਰ ਸਾਰਾ ਪੈਸਾ ਆ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਸਾਡੇ ਨਸੀਬ ਕਰਕੇ ਆਇਆ ਹੈ ਪਰ ਜਦ ਕਿਸੇ ਨੂੰ ਉਹਦਾ ਹੱਕ ਦੇਣ ਦੀ ਵਾਰੀ ਆਉਂਦੀ ਹੈ ਤਾਂ ਇਹ ਭੁੱਲ ਜਾਂਦੇ ਹਾਂ ਕਿ ਉਸ ਦਾ ਵੀ ਕੋਈ ਨਸੀਬ ਹੈ।

ਇਸ ਹੱਥ ਦੀ ਮੈਲ ਨੂੰ 'ਕਰੋਨਾ ਵਾਇਰਸ' ਵਾਂਗੂ ਜਿੰਨੀ ਛੇਤੀ ਸਾਫ਼ ਕਰ ਕੇ ਲਾਹ ਦਿੱਤਾ ਜਾਵੇ, ਓਨਾ ਹੀ ਚੰਗਾ ਹੈ। ਇਹ ਬਹੁਪ੍ਰਭਾਵੀ ਕਾਰਜ ਮਨੁੱਖ ਦੇ ਜੀਵਨ ਨੂੰ ਅਵੱਸ਼ ਖ਼ੁਸ਼ੀ ਪ੍ਰਦਾਨ ਕਰੇਗਾ।

'ਕੋਵਿਡ 19' ਵਾਂਗੂ, ਪੈਸੇ ਬਾਰੇ ਵੀ ਜਿੰਨਾ ਲਿਖਿਆ ਜਾਵੇ ਘੱਟ ਹੈ। ਇਸ ਦੀ ਸਹੀ ਯੋਗ ਵੰਡ ਬਾਰੇ ਵੀ ਅਜੇ ਤੱਕ ਪਤਾ ਨਹੀਂ ਲੱਗਿਆ। ਦੋਹਾਂ ਦੇ ਵੈਕਸੀਨ ਦੀ ਖੋਜ, ਪ੍ਰਯੋਗਸ਼ਾਲਾਵਾਂ ਵਿੱਚ ਦਿਨ ਰਾਤ ਮਿਹਨਤ ਨਾਲ ਹੋ ਰਹੀ ਹੈ।

ਮੈਨੂੰ ਲੱਗਿਆ ਕਿ ਜੇਬ 'ਚੋਂ ਬਟੂਆ ਆਸੇ-ਪਾਸੇ ਮਾਰ ਰਿਹਾ। ਮੈਂ ਉਸ ਨੂੰ ਪਲ਼ੋਸਦੇ ਹੋਏ ਕਿਹਾ ਕਿ ਮੇਰੇ ਪਿਆਰੇ ਬਟੂਏ! ਤੂੰ ਉਨ੍ਹਾਂ ਚਿਰ ਆਰਾਮ ਕਰ, ਜਦੋਂ ਤੱਕ ਹਾਲਾਤ ਅਨੁਕੂਲ ਨਹੀਂ ਹੋ ਜਾਂਦੇ। ਇਹ ਸੁਣ ਕੇ, ਉਹਨੇ ਡੂੰਘਾ ਹੌਕਾ ਲਿਆ ਅਤੇ ਚੁੱਪੀ ਧਾਰ ਲਈ।



**ਸੁਰਜੀਤ ਸਿੰਘ ਭੁੱਲਰ**

# (ਤਣਾਓ ਦਾ ਇਲਾਜ-ਸਮਾਧੀ)

ਬੀਤੇ ਦੇ ਅਤੇ ਆਉਣ ਵਾਲੇ ਸਮੇਂ ਦੇ, ਫ਼ਿਕਰ ਮੁਕਾਉਣ ਦਾ, ਇਲਾਜ ਹੁੰਦਾ ਹੈ ਸਮਾਧੀ। ਵਰਤਮਾਨ ਵਿੱਚ, ਅਪਣੇ ਆਪ ਨੂੰ ਸਾਧਣਾ, ਹੀ ਹੁੰਦਾ ਹੈ ਸਮਾਧੀ। ਜਿਉਣ ਦਾ, ਇਹ ਢੰਗ ਨਿਰਾਲਾ,ਸਭ ਨੂੰ ਹੋਣਾ ਚਾਹੀਦਾ, ਹੈ ਇਸ ਦਾ ਆਦੀ। ਮੈਡੀਟੇਸ਼ਨ ਹੁੰਦਾ ਦੂਸਰਾ ਨਾਮ, ਇਕਾਗਰ ਚਿੱਤ ਹੋਣ ਨਾਲ, ਮਿਲਦੀ ਕਾਮਯਾਬੀ।ਆਧੁਨਿਕ ਜੀਵਨ, ਮਨ ਅਤੇ ਸਰੀਰ ਨੂੰ, ਹਰ ਵੇਲੇ ਰੱਖਦੀ ਵਿੱਚ ਤਣਾਅ।ਆਲੇ ਦੁਆਲੇ ਦੀਆਂ, ਉਤੇਜਨਾਵਾਂ, ਸਰੀਰਕ ਪੱਠਿਆਂ ਵਿੱਚ, ਪਾਉਂਦੀਆਂ ਖਿਚਾਅ। ਬੇਤਰਤੀਬ ਹੋ ਜਾਂਦਾ ਸਾਂਹ,ਸਾਂਹ ਫੁੱਲਣਾ, ਉਨੀਂਦਰਾ, ਹੁੰਦੇ ਹੋਰ ਲੱਛਣ, ਸਮਾਧੀ ਲਾਕੇ ਹੀ ਹੁੰਦਾ ਬਚਾਅ। ਚਿੰਤਾਵਾਂ ਅਤੇ ਨਾਂਹ ਪੱਖੀ, ਝੋਰਿਆਂ ਦੀ, ਚਲੇ ਹਨੇਰੀ, ਸਮਾਧੀ ਨਾਲ ਆਉਂਦਾ, ਆਤਮਿਕ ਠਹਿਰਾਅ। ਦੁਨੀਆਂ ਦੇ ਵੱਖ-ਵੱਖ, ਖਿਤਿਆਂ ਅਤੇ ਸੱਭਿਆਤਾਵਾਂ ਵਿੱਚ , ਇਕਾਗਰਤਾ ਦੀ, ਲੰਬੇ ਸਮੇਂ ਤੋਂ, ਚੱਲ ਰਹੀ ਪ੍ਰਥਾ। ਲੰਬਾ ਸਮਾਂ ਧਿਆਨ ਵਿੱਚ



ਲਾਉਣਾ, ਸਰੀਰਕ ਦਰਦਾਂ ਅਤੇ ਬੁਖਾਰ ਵਰਗੀਆਂ ਅਲਾਮਤਾਂ ਕਰਦਾ ਠੀਕ। "ਧਿਆਨ" ਨਾਲ, ਯਾਦਦਾਸ਼ਤ ਵੀ ਹੁੰਦੀ ਤੇਜ, ਬੰਦਾ ਹੁੰਦਾ, ਸਹਿਣਸ਼ੀਲਤਾ ਦਾ ਪ੍ਰਤੀਕ। ਹਾਂ ਪੱਖੀ ਵਿਚਾਰਧਾਰਾ ਅਤੇ ਉਸਾਰੂ ਊਰਜਾ, ਤੇਜੀ ਨਾਲ ਕਰਦੀ ਵਿਕਾਸ। ਯੁੱਧਾਂ ਵਿੱਚ ਹੁੰਦੀ, ਰਸਾਇਣਕ ਹਥਿਆਰਾਂ ਦੀ ਵਰਤੋਂ, ਕਰਦੀ ਮਨੁੱਖੀ ਜਾਨਾਂ ਦਾ ਨਾਸ। ਮੈਡੀਟੇਸ਼ਨ ਦੀ ਭੂਮਿਕਾ ਤੇ, ਰੱਖ ਸਕਦੇ ਹਾਂ ਵੱਡੀ ਆਸ।

ਮਨ ਦੀ ਸ਼ਾਂਤੀ ਦਾ, ਮੁੱਖ ਸਰੋਤ, ਸਮਾਧੀ ਲਾਉਣਾ ਹੁੰਦਾ ਹੈ। ਮਿਹਨਤਾਂ, ਕਮਾਈਆਂ, ਲੱਖ ਕਰ ਲਵੋ, ਪਰ ਮਨ ਵਿੱਚ ਠਹਿਰਾਓ, ਇਕਾਗਰ ਚਿੱਤ ਹੋ ਕੇ, ਹੀ ਆ ਸਕਦਾ ਹੈ। ਮਨ ਤੂੰ ਜੋਤਿ ਸਰੂਪ ਹੈਂ,ਅਪਣਾ ਮੂਲ ਪਛਾਣੁ। ਪੁਰਾਣੇ ਸਮਿਆਂ ਵਿੱਚ, ਵੱਡੇ ਵੱਡੇ ਸੰਤ ਮਹਾਤਮਾਂ, ਪਰਬਤਾਂ ਦੀਆਂ ਚੋਟੀਆਂ ਉੱਤੇ ਜਾਕੇ, ਸੱਚ ਦੀ ਖੋਜ ਵਿੱਚ, ਮਹੀਨਿਆਂ ਬੱਧੀ ਸਮਾਧੀ ਵਿੱਚ, ਲੀਨ ਰਹਿੰਦੇ ਸਨ। ਜਿਉਂ ਜਿਉਂ ਮਨੁੱਖ, ਤਰੱਕੀ ਕਰਦਾ ਜਾਂਦਾ ਹੈ, ਤਿਉਂ ਤਿਉਂ ਸੱਚ ਝੂਠ ਦਾ ਮੁਕਾਬਲਾ, ਵੀ ਵੱਧਦਾ ਜਾਂਦਾ ਹੈ। ਕੁਦਰਤ ਬਹੁਤ ਬਲਵਾਨ ਹੈ। ਪ੍ਰਕਿਰਤੀ ਅੱਗੇ ਅੱਗੇ, ਚੋਗਾ ਪਾਈ ਜਾਂਦੀ ਹੈ, ਮਨੁੱਖ ਚੋਗਾ ਲੈਣ ਲਈ, ਪਿੱਛੇ ਪਿੱਛੇ ਦੌੜਿਆ ਫਿਰਦਾ ਹੈ।



**ਅਮਰਜੀਤ ਸਿੰਘ ਤੂਰ**
**9878469639**



In Loving Memory of

## BHAGAT RAM SAMPLA

FUNERAL SERVICE

Will be held on
Monday, 01st June 2026

Service at 12:00pm

Guildford Crematorium
New Pond Road
Godalming, Surrey
GU7 3DB

LUNCH

1:15pm

Empire Banqueting Hall
High Street
Aldershot
GU11 1DJ

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ-5)

## ਅਧਿਆਇ 2: ਤਥਾਗਤ ਬੁੱਧ ਦਾ ਪੰਜਾਬ ਆਗਮਨ

ਇਹ ਵਿਸ਼ਾ ਡੂੰਘੀ ਖੋਜ ਦੀ ਮੰਗ ਕਰਦਾ ਹੈ। ਸਾਨੂੰ ਸਾਹਿਤਕ -ਸ੍ਰੋਤਾਂ ਦੀ ਪੜਚੋਲ ਕਰਨੀ ਹੋਵੇਗੀ ਕਿ ਕੀ ਤਥਾਗਤ ਬੁੱਧ ਖੁਦ ਕਦੀ ਪੰਜਾਬ ਆਏ? ਉਨ੍ਹਾਂ ਨੇ ਕਿਹੜੀਆਂ ਕਿਹੜੀਆਂ ਥਾਵਾਂ ਦਾ ਦੌਰਾ ਕੀਤਾ? ਕਿੱਥੇ ਕਿੱਥੇ ਨਿਵਾਸ ਕੀਤਾ? ਕਿਹੜਾ ਪ੍ਰਵਚਨ, ਕਿੱਥੇ ਅਤੇ ਕਿੰਨਾਂ ਲੋਕਾਂ ਨੂੰ ਦਿੱਤਾ? ਉਨ੍ਹਾਂ ਨੇ ਆਪਣੀਆਂ ਚਾਰ-ਕਾਵਾਂ(ਧੱਮ ਯਾਤਰਾਵਾਂ) ਕਿੰਨਾ ਰਾਹਾਂ ਰਾਹੀਂ ਸੰਪੂਰਨ ਕੀਤੀਆਂ? ਕਿੰਨਾ ਰਾਜਿਆਂ -ਮਹਾਂਰਾਜਿਆਂ ਅਤੇ ਪ੍ਰਸਿੱਧ ਲੋਕਾਂ ਨੂੰ ਮਿਲੇ ? ਕੀ ਉਪਦੇਸ਼ ਜਾਂ ਸੰਦੇਸ਼ ਦਿੱਤੇ? ਉਨ੍ਹਾਂ ਨਾਲ ਸਬੰਧਤ ਕਿਹੜੀਆਂ ਯਾਦਗਾਰੀ ਥਾਵਾਂ ਹਨ ਜਾਂ ਕੋਈ ਅਵਸ਼ੇਸ਼ ਮਿਲੇ?

ਇਨ੍ਹਾਂ ਸਾਰੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਲੋੜ ਹੈ!

ਸਿਧਾਰਥ ਗੌਤਮ ਨੇ 29 ਸਾਲ ਦੀ ਉਮਰ ਵਿੱਚ ' ਗ੍ਰਹਿ ਤਿਆਗ ' ਕੀਤਾ। 6 ਸਾਲ ਘੋਰ ਤਪੱਸਿਆ ਤੋਂ ਬਾਅਦ 35 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ' ਗਿਆਨ ਪ੍ਰਾਪਤ ' ਹੋਇਆ। ਜੀਵਨ ਦੇ 80 ਸਾਲ ਪੂਰੇ ਕਰਨ ਉਪਰੰਤ ਉਨ੍ਹਾਂ ਨੂੰ ' ਮਹਾ-ਪਰਿਨਿਰਵਾਣ' ਪ੍ਰਾਪਤ ਹੋਇਆ। ਲਗ ਭਗ 45 ਸਾਲ ਉਨ੍ਹਾਂ ਨੇ ਲੋਕ ਕਲਿਆਣ ਹਿੱਤ ' ਧੱਮ' ਦਾ ਪ੍ਰਚਾਰ ਕੀਤਾ। ਇਨ੍ਹਾਂ 45 ਸਾਲਾਂ ਚ ਉਹ ਕਿੱਥੇ ਕਿੱਥੇ ਗਏ, ਕਿਸਨੂੰ ਮਿਲੇ, ਇਹ ਜਾਨਣਾ ਜ਼ਰੂਰੀ ਹੈ....

1. ਸੱਭ ਤੋਂ ਪਹਿਲਾਂ ਉਹ, ਕਪਿਲਵਸਤੂ ਤੋਂ 400 ਮੀਲ ਦਾ ਸਫ਼ਰ ਪੈਦਲ ਤੈਅ ਕਰਕੇ ਰਾਜਗ੍ਰਹਿ ਪੁੱਜੇ। ਫਿਰ ਅਲਾਰ ਕਾਲਾਮ ਦੇ ਆਸ਼ਰਮ ਵੈਸ਼ਾਲੀ ਪੁੱਜੇ। ਫਿਰ ਮਗਧ ਜਨਪਦ, ਕੌਸ਼ਲ ਜਨਪਦ ਅਤੇ ਅਖੀਰ ਵਿਚ ' ਗਯਾ' ਪੁੱਜ ਗਏ। ਇਥੇ 6 ਸਾਲ ਧਿਆਨ ਸਾਧਨਾਂ ਕਰਨ ਉਪਰੰਤ ਗਿਆਨ ਪ੍ਰਾਪਤ ਕਰਕੇ, ਬਨਾਰਸ ਦੇ ਨੇੜੇ ਸਾਰਨਾਥ ਵਿਖੇ ਈਸਪਤਨ ਪੁੱਜ ਕੇ ' ਧੱਮ ਚੱਕਰ ਪ੍ਰੀਵਰਤਨ ਮੁਹਿੰਮ ' ਸ਼ੁਰੂ ਕੀਤੀ ਅਤੇ ਪਹਿਲੇ ਪੰਜ ਸੰਨਿਆਸੀਆਂ -- ਕੁੰਡਿਨਯ, ਅਸ਼ਵਜਿਤ, ਕਸ਼ਯਪ,ਮਹਾਨਾਮ ਤੇ ਭਦ੍ਰਕ ਨੂੰ ਦੀਕਸ਼ਾ ਦੇ ਕੇ ਭਿਖਸ਼ੂ ਸੰਘ ਦੀ ਸਥਾਪਨਾ ਕੀਤੀ।


2. ਇਹ ਧੱਮ ਪ੍ਰੀਵਰਤਨ ਲਹਿਰ ਦਿਨ ਬ ਦਿਨ ਜ਼ੋਰ ਫੜ੍ਹਦੀ ਗਈ... ਉਨ੍ਹਾਂ ਰਾਜਾ ਬਿੰਬਿਸਾਰ ਅਤੇ 12000 ਮਗਧ ਨਿਵਾਸੀ ਤੇ ਬ੍ਰਾਹਮਣਾਂ ਨੂੰ ਦੀਕਸ਼ਾ ਦਿੱਤੀ, ਫਿਰ ਸਰਾਵਸਤੀ ਦੇ ਸੁਦੱਤ, ਅਨਾਥਪਿੰਡਕ, ਜੀਵਕ ਨੂੰ ਦੀਕਸ਼ਤ ਕੀਤਾ।ਕੁਰੂ ਦੇਸ਼ ( ਮੌਜੂਦਾ ਕੁਰਕਸ਼ੇਤਰ) ਦੇ ' ਰੱਠਪਾਲ ' , ਸ਼ਾਕਯ ਰਾਜ ਕੁਮਾਰ - ਭੱਦਿਯ, ਅਨੁਰੁਧ, ਆਨੰਦ, ਭ੍ਰਿਗ, ਕਿੰਬਲ, ਦੇਵਦੱਤ ਤੇ ਉਪਾਲੀ ਨਾਈ ਸੰਘ ਚ ਸ਼ਾਮਲ ਹੋ ਗਏ। ਫਿਰ ਰਾਜਗ੍ਰਹਿ ਨੇੜੇ ' ਗ੍ਰਿਧਕੂਟ ਪਹਾੜ ' ਦੇ ਪਿੱਛੇ 70 ਬ੍ਰਾਹਮਣਾਂ ਨੂੰ, ਸੁਨੀਤ ਭੰਗੀ, ਸੋਪਾਕ ਤੇ ਸੁਪੀਯ ਅਛੂਤ , ਸੁਮੰਗਲ ਕਿਸਾਨ, ਗ਼ੁਲਾਮ ਛੰਨ, ਧੰਨੀਯ ਘੁਮਾਰ, ਕਪੱਤ-ਕੁਰ ਮੰਗਤੇ, ਸੁਪ੍ਰਬੁੱਧ ਕੋੜ੍ਹੀ, ਉਂਗਲੀ ਮਾਲ ਡਾਕੂ, ਚੰਡਾਲ ਲੜਕੀ ਪ੍ਰਕਿਰਤੀ ਨੂੰ ਦੀਕਸ਼ਾ ਦਿੱਤੀ।... ਸਾਹਿਤ ਚ ਅਨੇਕਾਂ ਥਾਵਾਂ ਦੇ ਨਾਂ ਆਉਂਦੇ ਹਨ, ਜਿੱਥੇ ਜਿੱਥੇ ਉਹ ਗਏ :

ਕੌਸੰਬੀ ਦਾ ' ਸੁਸਵਰ ਵਿਹਾਰ' , ਮੱਲਾਂ ਦਾ ਨਗਰ ' ਅਨੁਪੀਯ' ਮਥੁਰਾ ਤੇ ਨਿਰੰਜਾ ਦੇ ਰਾਜ ਮਾਰਗ ਕਿਨਾਰੇ ਉਕੱਠ ਤੇ ਸੇਤਥ, ਕੌਸ਼ਲ ਜਨਪਦ ਦੇ ' ਸ਼ਾਲਾਪਿੰਡ' , ਹਿਮਾਲਾ ਦੇ ਇਲਾਕੇ ' ਆਮਗੰਧ ' ਵੱਜੀ ਦੇਸ਼, ਰਾਜਗ੍ਰਹਿ ਤੇ ਨਾਲੰਦਾ, ਭੱਦਿਯ ਨੇੜੇ ' ਜਤਿਯਵਣ ' ਆਸ ਜਨਪਦ ਦਾ ' ਏਕ ਨਾਲਾ ਪਿੰਡ ' ਕੌਸ਼ਲ ਚ ' ਥੂਨ' ਨਾਂ ਦਾ ਪਿੰਡ, ਰਾਜਗ੍ਰਹਿ ਚ ਕਲੰਦਕ-ਨਿਵਾਪ ਸਥਾਨ, ਅੰਗ ਜਨਪਦ, ਭੱਗ ਦੇਸ਼ ਦੇ ਸਿੰਸੁਮਾਰ ਪਹਾੜ ਉੱਤੇ ' ਭੇਸਕਲਾਵਣ ' ਮਗਧ ਰਾਜ ਚ ' ਅਪਣ ਪਿੰਡ ' ਆਲਵੀ ਸ਼ਹਿਰ, ਸ਼ਾਕਯ ਦੇ ਨਗਰ ' ਸ਼ੱਕਰ' ਅਤੇ ਹਰਿਆਣੇ ਦੇ ਕੁਰੂ ਜਨਪਦ ਚ ' ਕੰਮਾਸਦੰਮ' , ਅੰਬਲੱਠਿਕਾ , ਨਾਲੰਦਾ,ਪਾਟਲੀਗ੍ਰਾਮ ( ਪਟਨਾ), ਕੋਟੀਗ੍ਰਾਮ, ਨਾਦਿਕਾ, ਵੈਸ਼ਾਲੀ, ਪਾਵਾ,ਕੁਸ਼ੀਨਾਰਾ ਆਦਿ ਥਾਵਾਂ ਦੀ ਸਮੇਂ ਸਮੇਂ ਯਾਤਰਾ ਕਰਦੇ ਹੋਏ ਧੱਮ ਉਪਦੇਸ਼ ਦਿੰਦੇ ਰਹੇ।

ਹਰਿਆਣੇ ਦੇ ਕੁਰੂ ਜਨਪਦ( ਸਮੇਤ ਇੰਦਪੱਤ,ਸੋਨੀਪਤ, ਅਮੀਨ, ਪਾਣੀਪਤ, ਕਰਨਾਲ ) , ਥਾਨੇਸ਼ਵਰ, ਜਗਾਧਰੀ ਨੇੜੇ ਸਰੂਘਨ ( ਆਧੁਨਿਕ ਸੁੰਗ) ਦੀ ਯਾਤਰਾ ਕੀਤੀ ਤੇ ਉਪਦੇਸ਼ ਦਿੱਤੇ ।

ਪ੍ਰਚੱਲਿਤ ਰਵਾਇਤ ਮੁਤਾਬਕ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਕ ਵਾਰ ਤਥਾਗਤ ਵੈਸ਼ਾਲੀ ਤੋਂ ਭਦੀਆ ਨਗਰ ਗਏ ਅਤੇ ਫਿਰ ਅ ੰ ਗ ੁ ਤ ਰ ਪ , ਅਪਨ,ਕਸ਼ੀਨਾਰਾ ਅਤੇ ਅਤੂਮ ਰਾਹੀਂ ਹੁੰਦੇ ਹੋਏ ਸਾਬੱਥੀ ( ਸਰਾਵਸਤੀ) ਪਰਤ ਆਏ। ' ਪੰਜਾਬ ਦੇ ਪੁਰਾਤਨ ਲੋਕ ' ਵਿਚ ਪ੍ਰਾਇਲੁਸਕੀ ਨੇ ਭੱਦੀਆ ਨਗਰ ਜਾਂ ਭੱਦੀਯ ਨੂੰ ਸ਼ਾਕਲ ( ਸਿਆਲਕੋਟ) ਅਤੇ ਅੰਗੁਤੱਰਪ ਨੂੰ ਹਿਸਾਰ ਤੋਂ 13 ਕਿਲੋਮੀਟਰ ਉੱਤਰ ਪੱਛਮ ਵਾਲੇ ਬੰਨ੍ਹੇ ਵਸਿਆ ਪੁਰਾਤਨ ਸ਼ਹਿਰ ਅਗਰੋਹਾ ਦੱਸਿਆ ਹੈ, ਪੁਰਾਤਨ ਸਮਿਆਂ ਵਿਚ ਇਥੋਂ ਦੀ ਇਕ ਪ੍ਰਸਿੱਧ ਵਪਾਰਕ ਰਸਤਾ ਸੀ ਜੋ ਅਗਰੋਹ, ਰੋਹਤਕ,ਸੰਘੋਲ, ਸੁਨੇਤਰਾ, ਫ਼ਲਕ ਪੁਰ( ਫ਼ਿਲੌਰ) ਅਤੇ ਜਲੰਧਰ ਥਾਣੀਂ ਲੰਘਦਾ ਹੋਇਆ ਤਕਸ਼ਿਲਾ ਨੂੰ ਗੰਗਾ ਦੀ ਵਾਦੀ ਨਾਲ ਜੋੜਦਾ ਸੀ। ਅਨੁਮਾਨ ਲਾਇਆ ਜਾਂਦਾ ਹੈ ਕਿ ਗੌਤਮ ਬੁੱਧ ਇਸੇ ਰਾਹ ਲੰਘੇ ਸਨ।

ਕੌਸ਼ਲ ਦਾ ਰਾਜਾ ਪ੍ਰਸੇਨਜਿਤ, ਲਿਛਵੀ ਸਰਦਾਰ ਮਹਾਲੀ, ਮੱਲਾਂ ਦਾ ਰਾਜ ਕੁਮਾਰ ਬੰਧੁਲਾ, ਜੀਵਕ,ਧੱਮਪਾਲ,ਕੰਨ੍ਹਦਿਨ, ਭਾਰਦਵਾਜ ਅਤੇ ਯੱਸ਼ਦੱਤ ਤਕਸ਼ਿਲਾ ਵਿਚ ਪੜ੍ਹੇ ਸਨ। ਗੰਧਾਰ ਦਾ ਰਾਜਾ ਪੁਸਕਰਸਾਰੀ ਤੇ ਬਿੰਬਿਸਾਰ ਸਮਕਾਲੀ - ਮਿੱਤਰ ਸਨ।ਇਕ ਵਾਰੀ ਤਥਾਗਤ ਬੁੱਧ, ਰਾਜਗ੍ਰਹਿ ਵਿਖੇ ਭਾਰਗਵ ਦੀ ਕੁਟੀਆ ਵਿਚ ਰਾਜੇ ਪੁਸਕਰਸਾਰੀ ਨੂੰ ਮਿਲੇ ਅਤੇ ਉਸਨੂੰ ' ਧਾਤੂਵਿਭੰਗ ਸੁੱਤ' ਦਾ ਉਪਦੇਸ਼ ਦਿੱਤਾ।





ਹਰਮੇਸ਼ ਜੱਸਲ

ਪਾਲੀ ਸਾਹਿਤ ਚ ਬੁੱਧ ਦੇ ਤਕਸ਼ਿਲਾ ਅਤੇ ਗੰਧਾਰ ਜਾਣ ਦਾ ਜ਼ਿਕਰ ਮਿਲਦਾ ਹੈ। ਉਹ ' ਪੰਜਾਬ ' ਵਿੱਚੋਂ ਦੀ ਹੀ ਹੋ ਕੇ ਤਕਸ਼ਿਲਾ - ਗੰਧਾਰ ਗਏ ਹੋਣਗੇ; ਉਹ ਕਿਹੜਾ ਰਾਹ ਸੀ? ਡਾ ਭਰਤ ਸਿੰਘ ਉਪਾਦਯ ਲਿਖਦੇ ਹਨ ਕਿ, " ਬੁੱਧ ਕਾਲ ਚ ਸੱਭ ਤੋਂ ਵੱਡਾ ਤੇ ਮੁੱਖ ਮਾਰਗ, ਪੂਰਵ ਤੋਂ ਪੱਛਮ ਤੱਕ ਜਾਂਦਾ ਸੀ। ਇਹ ਮਾਰਗ ਮਗਧ ਦੀ ਰਾਜਧਾਨੀ ' ਰਾਜਗ੍ਰਹਿ ' ਤੋਂ ਚੱਲ ਕੇ ਉੱਤਰ - ਪੱਛਮ ਚ ਗੰਧਾਰ ਦੀ ਰਾਜਧਾਨੀ ' ਤਕਸ਼ਿਲਾ ' ਤੱਕ ਜਾਂਦਾ ਸੀ ਜਿਸਨੂੰ ' ਉੱਤਰਪੱਥ ' ਕਿਹਾ ਜਾਂਦਾ ਸੀ। ਰਾਜਗ੍ਰਹਿ ਤੋਂ ਚੱਲ ਕੇ, ਇਹ ਮਾਰਗ ਪਹਿਲਾਂ ਨਾਲੰਦਾ, ਫਿਰ ਪਾਟਲੀਪੁੱਤਰ, ਵਾਰਾਨਸੀ, ਪ੍ਰਯਾਗ, ਕੁਨਕੁੰਜ ( ਕਨੌਜ) ਸੰਕਸ਼ਯ, ਸੋਰੋ ( ਸੋਰੇਯ) ਵੇਰੰਜਾ ਹੁੰਦਾ ਹੋਇਆ ਮਥੁਰਾ ਪਹੁੰਚਦਾ ਸੀ। ਮਥੁਰਾ ਤੋਂ ਅੱਗੇ ਇੰਦਪਤ ( ਇੰਦਰਪ੍ਰਸਥ) ਅਤੇ ਹੋ ਸਕਦਾ ਹੈ, ਸਾਗਲ ( ਸਿਆਲਕੋਟ) ਤੋਂ ਹੁੰਦਾ ਹੋਇਆ, ਗੰਧਾਰ ਦੇਸ਼ ਦੀ ਰਾਜਧਾਨੀ ' ਤਕਸ਼ਿਲਾ ਨਗਰ ' ਪਹੁੰਚਦਾ ਹੋਵੇ।...ਰਾਜਗ੍ਰਹਿ ਦਾ ਜੀਵਕ ਵੈਦ, ਸ਼ਾਇਦ ਇਸੇ ਰਸਤੇ ਰਾਜਗ੍ਰਹਿ ਤੋਂ ਤਕਸ਼ਿਲਾ ਵਿਖੇ ਪੜ੍ਹਨ ਗਿਆ ਸੀ।... ਵਾਪਸੀ ਉੱਤੇ, ਜੀਵਕ, ਸਾਕੇਤ ਹੁੰਦੇ ਹੋਏ ਰਾਜਗ੍ਰਹਿ ਆਇਆ ਸੀ। ਜੀਵਕ ਤਕਸ਼ਿਲਾ ਤੋਂ ਚੱਲ ਕੇ ਪਹਿਲਾਂ ਭਦਰੰਕਰ ਨਗਰ ਆਇਆ, ਫਿਰ ਇੱਥੋਂ ਉਦੁੰਬਰਿਕਾ ਪਹੁੰਚਿਆ। ਉਦੁੰਬਰਿਕਾ ਤੋਂ ਜੀਵਕ ਰੋਹੀਤਕ ( ਵਰਤਮਾਨ ਰੋਹਤਕ) ਗਿਆ, ਇੱਥੋਂ ਮਥੁਰਾ, ਫਿਰ ਯਮੁਨਾ ਦੇ ਤੱਟ ਅਤੇ ਵੈਸ਼ਾਲੀ ਹੁੰਦਾ ਹੋਇਆ ਰਾਜਗ੍ਰਹਿ ਪਹੁੰਚਿਆ। ਜੀਵਕ ਦੀ ਯਾਤਰਾ ਦੇ ਮੁੱਖ ਪੜਾਓ ਸਨ-- ਭਦਰੰਕਰ ( ਸਾਕਲ ਜਾਂ ਸਾਗਲ ਜਾਂ ਸਿਆਲਕੋਟ) , ਉਦੁੰਬਰਿਕਾ, ਰੋਹੀਤਕ, ਮਥੁਰਾ, ਵੈਸ਼ਾਲੀ ਅਤੇ ਰਾਜਗ੍ਰਹਿ। ਸਰਾਵਸਤੀ ਤੋਂ ਸਿੱਧਾ ਰਾਹ ਵੀ ਤਕਸ਼ਿਲਾ ਨੂੰ ਜਾਂਦਾ ਸੀ ਜਿਸਦੀ ਕੁੱਲ ਦੂਰੀ 192 ਯੋਜਨ ਦੱਸੀ ਗਈ ਹੈ "

ਜੇ ਉਦੁੰਬਰਿਕਾ ਨੂੰ ' ਅਦੁੰਬਰ ' ਮੰਨ ਲਈਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਤਥਾਗਤ ਬੁੱਧ ਮੌਜੂਦਾ ਪੰਜਾਬ ਵਿਚੋਂ ਦੀ ਹੋ ਕੇ ਹੀ ਤਕਸ਼ਿਲਾ ਗਏ ਹੋਣਗੇ ਕਿਉਂਕਿ ਪੰਜਾਬ ਦਾ ਕਾਂਗੜਾ, ਗੁਰਦਾਸ ਪੁਰ ਅਤੇ ਹੁਸ਼ਿਆਰ ਪੁਰ ਦਾ ਇਲਾਕਾ ਹੀ ' ਅਦੁੰਬਰ ' ਕਹਾਉਂਦਾ ਸੀ।

ਮੂਲ ਸਰਵਸਤੀਵਾਦ- ਵਿਨੈਯ ਤੋਂ ਜਾਣਕਾਰੀ ਮਿਲਦੀ ਹੈ ਕਿ ਬੁੱਧ ਨੇ ਹੋਰ ਭਿਖਸ਼ੂਆਂ ਸਮੇਤ ਭੱਦਰਮਕਾਰਾ ਨਗਰ ਦੀ ਯਾਤਰਾ ਕੀਤੀ ਅਤੇ ਮਨਧਾਕਾ ਨਾਮਕ ਸਦਾਚਾਰੀ ਗ੍ਰਹਿਸਥੀ ਨੇ ਬੁੱਧ ਧਰਮ ਗ੍ਰਹਿਣ ਕੀਤਾ। ਪ੍ਰਾਇਲੁਸਕੀ ਦਾ ਸੁਝਾਅ ਹੈ ਕਿ ਭੱਦਰਾ, ਮਦ੍ਰਾ ਦਾ ਹੀ ਦੂਜਾ ਰੂਪ ਹੈ । ਇਸ ਦਾ ਮਤਲਬ ਹੈ ਕਿ ਬੁੱਧ ਨੇ ਪੰਜਾਬ ਦੇ ਮਦ੍ਰ ਦੇਸ਼ ਦੀ ਯਾਤਰਾ ਕੀਤੀ ਹੋਵੇਗੀ ਅਤੇ ਸਾਕਲ ਦੇ ਲੋਕਾਂ ਨੇ ਈਸਾ ਪੂਰਵ 6ਵੀਂ ਸਦੀ ਚ ਹੀ ਬੁੱਧ ਧਰਮ ਗ੍ਰਹਿਣ ਕਰ ਲਿਆ ਹੋਵ-ੇਗਾ।

ਹਿਊਨ ਸਾਂਗ ਦੀਆਂ ਲਿਖਤਾਂ ਅਨੁਸਾਰ ਜਲੰਧਰ ਚ 50 ਬੁੱਧ ਵਿਹਾਰ ਅਤੇ 2000 ਭਿਖਸ਼ੂਆਂ ਦੇ ਹੋਣ, ਸੁਲਤਾਨ ਪੁਰ ਲੋਧੀ ਦੇ ਤਾਮਸਵਣ ਵਿਖੇ 200 ਫੁੱਟ ਉੱਚੇ ਸਤੂਪ ਦਾ ਵਰਣਨ, ਅਤੇ ਸੰਘੋਲ ਦੀ ਖੁਦਾਈ ਨੇ ਪੰਜਾਬ ਦੇ ਬੁੱਧਮਈ ਹੋਣ ਉੱਤੇ ਪ੍ਰਮਾਣਿਕਤਾ ਦੀ ਮੋਹਰ ਲਾ ਦਿੱਤੀ ਹੈ। ਸੰਘੋਲ ਜਿਥੇ ਹਿਊਨ ਸਾਂਗ 10 ਵਿਹਾਰ ਹੋਣ ਦੀ ਹਾਮੀ ਭਰਦਾ ਹੈ, ਜਿੱਥੋਂ ਅਨੇਕਾਂ ਵਿਹਾਰਾਂ ਦੀਆਂ ਨੀਹਾਂ ਅਤੇ ਅਵਸ਼ੇਸ਼ ਮਿਲ ਚੁੱਕੇ ਹਨ, ਉਸਦਾ ਕਹਿਣਾ ਹੈ ਕਿ ਇਥੇ 200 ਫੁੱਟ ਉੱਚਾ ਸਤੂਪ ਸੀ ਜਿਥੇ ਪਿਛਲੇ ਚਾਰ ਬੋਧੀਸੱਤਵਾਂ ਨੇ ਆਸਣ ਕੀਤਾ ਜਾਂ ਯਾਤਰਾ ਕੀਤੀ। ਉਹ ਚਾਰ ਬੋਧੀਸੱਤਵ ਕੌਣ ਹਨ? ਉਹ ਹਨ-- ਗੌਤਮ ਬੁੱਧ, ਉਨ੍ਹਾਂ ਤੋਂ ਪਹਿਲਾਂ ਕਸ਼ਪ , ਕਨਕਮੁਨੀ ਅਤੇ ਕਾਕਸੰਧ।

ਪੰਜਾਬ ਦੀ ਧਰਤੀ ਨੂੰ ਕਿੰਨਾ ਵੱਡਾ ਸੁਭਾਗ ਪ੍ਰਾਪਤ ਹੋਇਆ ਕਿ ਇੱਥੇ ਇੱਕਲੇ ਤਥਾਗਤ ਗੌਤਮ ਬੁੱਧ ਦੇ ਚਰਨ ਹੀ ਨਹੀਂ ਪਏ , ਬਲਕਿ ਉਨ੍ਹਾਂ ਤੋਂ ਪਹਿਲਾਂ ਦੇ ਬੋਧੀਸੱਤਵਾਂ ਦੀ ਚਰਨਛੋਹ ਪ੍ਰਾਪਤ ਕਰਨ ਦਾ ਮਾਣ ਵੀ ਹਾਸਲ ਹੋਇਆ ਹੈ।

(ਚਲਦਾ)

# ਪੁਲਸ ਬਿੱਟੂ ਅਤੇ ਪੰਜਾਬ

ਅਕਸਰ ਹੀ ਅਸੀਂ ਪੁਲਸ ਖਿਲਾਫ ਬੋਲਦੇ ਰਹਿੰਦੇ ਹਾਂ। ਹਰ ਵਾਰਦਾਤ, ਹੜਤਾਲ, ਘਟਨਾ, ਦੁਰਘਟਨਾ ਲਈ ਪੁਲਸ ਨੂੰ ਦੋਸ਼ੀ ਠਹਿਰਾਉਂਦੇ ਹਾਂ। ਜਦੋਂ ਵੀ ਕਿਤੇ ਲਾਠੀਚਾਰਜ ਹੁੰਦਾ ਹੈ ਉਹ ਸਭ ਪੁਲਸ ਹੀ ਕਰਦੀ ਹੈ। ਇੱਥੇ ਲਾਠੀਚਾਰਜ ਕਰਨ ਵਾਲਿਆਂ ਦੀ ਮਰਜ਼ੀ ਨਹੀਂ ਹੁੰਦੀ ਉਪਰਲਿਆ ਦਾ ਹੁਕਮ ਹੁੰਦਾ ਹੈ। ਉਹ ਸਿਰਫ ਹੁਕਮ ਵਜਾਉਂਦੇ ਹਨ। ਪੁਲਸ ਕਦੇ ਵੀ ਹੁਕਮ ਅਬਦੂਲੀ ਨਹੀਂ ਕਰਦੀ। ਸਭ ਤੋਂ ਵੱਡੀ ਗੱਲ ਇਹ ਪੁਲਸ ਵਾਲੇ ਵੀ ਸਾਡੇ ਹੀ ਬੱਚੇ ਭਰਾ ਹੁੰਦੇ ਹਨ। ਯਾਨੀ ਸਾਡੇ ਘਰਾਂ ਚੋਂ ਹੀ ਗਏ ਹੁੰਦੇ ਹਨ। ਕਿਸਾਨਾਂ ਦੇ ਘਰ ਜੰਮੇ ਤੇ ਅਧਿਆਪਕਾਂ ਦੇ ਪੜ੍ਹਾਏ ਕਿਸਾਨਾਂ ਅਤੇ ਅਧਿਆਪਕਾਂ ਤੇ ਹੀ ਲਾਠੀਚਾਰਜ ਕਰਦੇ ਹਨ। ਕਿਉਂਕਿ ਉਪਰੋਂ ਹੁਕਮ ਹੁੰਦਾ ਹੈ ਜੋ ਸਾਡੇ ਹੀ ਚੁਣੇ ਮੰਤਰੀ, ਮੁੱਖ ਮੰਤਰੀ ਤੇ ਵਿਧਾਇਕ ਦਿੰਦੇ ਹਨ। ਕੁਝ ਪੁਲਸ ਗਲਤ ਵੀ ਹੁੰਦੀ ਹੈ, ਉਹ ਜਾਲਮ ਵੀ ਹੁੰਦੀ ਹੈ, ਭ੍ਰਿਸ਼ਟ ਵੀ ਹੁੰਦੀ ਹੈ। ਕੁੱਝ ਕੁ ਇਮਾਨਦਾਰ ਅਤੇ ਡਿਊਟੀ ਪ੍ਰਤੀ ਸਮਰਪਿਤ ਵੀ ਹੁੰਦੇ ਹਨ। ਸਾਰੀ ਪੁਲਸ ਮਾੜੀ ਵੀ ਨਹੀਂ ਹੁੰਦੀ।

ਮੂਲ ਰੂਪ ਵਿੱਚ ਕਾਂਗਰਸੀ ਪਰਿਵਾਰ ਦਾ ਜੰਮਪਲ ਰਵਨੀਤ ਸਿੰਘ ਬਿੱਟੂ ਹੁਣ ਭਾਜਪਾ ਦਾ ਸਿਲਪਸਾਰ ਹੈ। ਚੋਣ ਹਾਰਣ ਦੇ ਬਾਵਜੂਦ ਉਸਨੂੰ ਕੇਂਦਰ ਵਿੱਚ ਮੰਤਰੀ ਬਣਾਇਆ ਗਿਆ। ਕਿਉਂਕਿ ਭਾਜਪਾ ਨੂੰ ਪੰਜਾਬ ਲਈ ਇੱਕ ਸਿੱਖ ਚੇਹਰਾ ਚਾਹੀਦਾ ਹੈ। ਪ੍ਰੰਤੂ ਪੰਜਾਬ ਲਈ ਬਿੱਟੂ ਦਾ ਕਿਰਦਾਰ ਦਾਗੀ ਸੀ। ਪੰਜਾਬ ਉਸ ਵਿੱਚ ਉਸਦੇ ਦਾਦੇ ਬੇਅੰਤ ਸਿੰਘ ਦੇ ਕੀਤੇ ਜ਼ੁਲਮਾਂ ਨੂੰ ਵੇਖਦਾ ਹੈ। ਬੇਸ਼ੱਕ ਸ੍ਰੀ ਬੇਅੰਤ ਸਿੰਘ ਨੇ ਪੰਜਾਬ ਵਿਚੋਂ ਅੱਤਵਾਦ ਨੂੰ ਖਤਮ ਕੀਤਾ ਪ੍ਰੰਤੂ ਉਸ ਦਾ ਖਮਿਆਜ਼ਾ ਪੰਜਾਬੀ ਨੌਜਵਾਨਾਂ ਦਾ ਘਾਣ ਕਰਵਾਕੇ ਭੁਗਤਣਾ ਪਿਆ। ਪੰਜਾਬ ਨੇ ਇਸ ਦੀ ਬਹੁਤ ਵੱਡੀ ਕੀਮਤ ਉਤਾਰੀ ਇੰਨਾ ਨੁਕਸਾਨ ਅੱਤਵਾਦ ਨੇ ਨਹੀਂ ਕੀਤਾ ਸੀ ਜਿੰਨਾ ਉਸ ਸਰਕਾਰ ਦੇ ਜ਼ੁਲਮਾਂ ਨੇ ਕੀਤਾ। ਪੰਜਾਬੀ ਬੇਅੰਤ ਸਿੰਘ ਤੇ ਨੀਲਾ ਤਾਰਾ ਕਰਕੇ ਕਾਂਗਰਸ ਦੇ ਖ਼ਿਲਾਫ਼ ਸਨ ਪਰ ਬਿੱਟੂ ਨੇ ਭਾਜਪਾ ਵਿੱਚ ਆਕੇ ਆਪਣਾ ਅਕਸ ਹੋਰ ਵਿਗਾੜ ਲਿਆ। ਬਿੱਟੂ ਦੀ ਬੋਲਬਾਣੀ ਇੰਨੀ ਗਲਤ ਹੈ ਕਿ ਉਹ ਭਾਜਪਾ ਦਾ ਚਿਹਰਾ ਤਾਂ ਕੀ ਉਹ ਭਾਜਪਾ ਲਈ ਸਿਰ ਦਰਦੀ ਬਣ ਗਿਆ। ਬੀਤੇ ਦਿਨੀ ਉਸ ਨੇ ਇੱਕ ਪੁਲਸ ਇੰਸਪੈਕਟਰ ਨੂੰ ਗਾਲੀ ਗਲੋਚ ਨਾਲ ਹੀ ਨਹੀਂ ਨਿਵਾਜਿਆ ਸਗੋਂ ਹੱਥ ਚੁੱਕਣ ਤੱਕ ਗਿਆ। ਸ਼ਾਬਾਸ਼ੇ ਉਸ ਪੁਲਸ ਅਫਸਰ ਦੇ ਜਿਸਨੇ ਆਪਣੀ ਬੇਜਿੱਤੀ ਦਾ ਬਦਲਾ ਲੈਂਦੇ ਹੋਏ ਬਿੱਟੂ ਨੂੰ ਖਰੀਆ ਖਰੀਆਂ ਸੁਣਾਈਆਂ। ਹਾਲਾਂਕਿ ਬਾਕੀ ਸਾਰੇ ਪੁਲਸ ਅਫਸਰ ਚੁੱਪ ਕਰ ਗਏ। ਕ੍ਰੀ ਬਿੱਟੂ ਤੇ ਕਾਰਵਾਈ ਨਹੀਂ ਹੋਣੀ ਚਾਹੀਦੀ। ਕੀ ਇਹ ਬਿੱਟੂ ਭਾਜਪਾ ਲਈ ਬੋਝ ਤਾਂ ਨਹੀਂ ਬਣ ਗਿਆ। ਅਜੇ ਤਾਂ ਭਾਜਪਾ ਦੀ ਸਰਕਾਰ ਆਈ ਨਹੀਂ। ਜਿਸ ਦੀ ਉਮੀਦ ਘੱਟ ਹੀ ਹੈ। ਫਿਰ ਵੀ ਕ੍ਰੀ ਇਹ ਭਾਜਪਾ ਸਰਕਾਰ ਦਾ ਟਰੇਲਰ ਹੈ। ਪੰਜਾਬੀ ਇਸ ਨੂੰ ਕਦੇ ਬਰਦਾਸਤ ਨਹੀਂ ਕਰਨਗੇ। ਮੇਰੀ ਰਵਨੀਤ ਬਿੱਟੂ ਨੂੰ ਵੀ ਬੇਨਤੀ ਹੈ ਕਿ ਉਹ ਅਜਿਹੀਆਂ ਹਰਕਤਾਂ ਕਰਕੇ ਭਾਜਪਾ ਦੀ ਬੇੜੀ ਚ ਹੋਰ ਵੱਟੇ ਨਾ ਪਾਵੇ। ਵੋਟਾਂ ਜਨਤਾਂ ਨੇ ਪਾਉਣੀਆਂ ਹਨ। ਉਹ ਆਪਣਾ ਚਿਹਰਾ ਸੁਧਾਰਨ ਦੀ ਕੋਸ਼ਿਸ਼ ਕਰੇ।



**ਰਮੇਸ ਸੇਠੀ ਬਾਦਲ**
**9876627233**

# ਮੀਡੀਆ ਪੱਖਪਾਤ ਅਤੇ ਵਿਸ਼ਵ ਰਾਜਨੀਤੀ ਉੱਤੇ ਇਸਦਾ ਪ੍ਰਭਾਵ

ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਭ ਕਿਹਾ ਜਾਂਦਾ ਹੈ ਕਿਉਂਕਿ ਇਹ ਸਰਕਾਰ ਅਤੇ ਲੋਕਾਂ ਵਿਚਕਾਰ ਇੱਕ ਮਜ਼ਬੂਤ ਪੁੱਲ ਵਜੋਂ ਕੰਮ ਕਰਦਾ ਹੈ। ਅਖਬਾਰਾਂ, ਟੈਲੀਵਿਜ਼ਨ ਚੈਨਲਾਂ, ਰੇਡੀਓ, ਡਿਜ਼ੀਟਲ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਰਾਜਨੀਤਿਕ ਘਟਨਾਵਾਂ, ਸਰਕਾਰੀ ਨੀਤੀਆਂ, ਚੋਣਾਂ ਅਤੇ ਸਮਾਜਿਕ ਮੁੱਦਿਆਂ ਸੰਬੰਧੀ ਜਾਣਕਾਰੀ ਪਹੁੰਚਦੀ ਹੈ। ਇੱਕ ਸੁਤੰਤਰ ਅਤੇ ਨਿਰਪੱਖ ਮੀਡੀਆ ਲੋਕਾਂ ਨੂੰ ਸਹੀ ਅਤੇ ਜਾਣਕਾਰੀਪੂਰਨ ਫੈਸਲੇ ਕਰਨ ਵਿੱਚ ਮਦਦ ਕਰਦਾ ਹੈ।

ਪਰੰਤੂ ਆਧੁਨਿਕ ਯੁੱਗ ਵਿੱਚ ਮੀਡੀਆ ਪੱਖਪਾਤ ਬਾਰੇ ਚਿੰਤਾਵਾਂ ਵੱਧ ਰਹੀਆਂ ਹਨ। ਅੱਜ ਕਈ ਮੀਡੀਆ ਸੰਸਥਾਵਾਂ ਕਿਸੇ ਖਾਸ ਰਾਜਨੀਤਿਕ ਪਾਰਟੀ, ਵਿਚਾਰਧਾਰਾ ਜਾਂ ਆਰਥਿਕ ਹਿੱਤਾਂ ਦੇ ਹੱਕ ਵਿੱਚ ਖ਼ਬਰਾਂ ਪੇਸ਼ ਕਰਦੀਆਂ ਦਿਖਾਈ ਦਿੰਦੀਆਂ ਹਨ, ਜਿਸ ਨਾਲ ਲੋਕਾਂ ਦੀ ਸੋਚ ਅਤੇ ਲੋਕਤੰਤਰਕ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ।

ਮੀਡੀਆ ਪੱਖਪਾਤ ਦਾ ਅਰਥ ਹੈ ਖ਼ਬਰਾਂ ਜਾਂ ਜਾਣਕਾਰੀ ਨੂੰ ਇੱਕ ਵਿਸ਼ੇਸ਼ ਨਜ਼ਰੀਏ ਨਾਲ ਪੇਸ਼ ਕਰਨਾ, ਜਿਸ ਨਾਲ ਕਿਸੇ ਇੱਕ ਪੱਖ ਨੂੰ ਵਧੇਰੇ ਲਾਭ ਮਿਲੇ। ਇਹ ਪੱਖਪਾਤ ਜਾਣਬੁੱਝ ਕੇ ਵੀ ਹੋ ਸਕਦਾ ਹੈ ਅਤੇ ਅਣਜਾਣੇ ਵਿੱਚ ਵੀ।

ਮੀਡੀਆ ਪੱਖਪਾਤ ਦੇ ਪ੍ਰਕਾਰ

ਰਾਜਨੀਤਿਕ ਪੱਖਪਾਤ

ਕਿਸੇ ਖਾਸ ਰਾਜਨੀਤਿਕ ਪਾਰਟੀ ਜਾਂ ਨੇਤਾ ਦੇ ਹੱਕ ਵਿੱਚ ਖ਼ਬਰਾਂ ਦਿਖਾਉਣਾ।

ਚੋਣਾਤਮਕ ਪੱਖਪਾਤ

ਕੁਝ ਖ਼ਬਰਾਂ ਨੂੰ ਵੱਧ ਮਹੱਤਵ ਦੇਣਾ ਅਤੇ ਹੋਰ ਮਹੱਤਵਪੂਰਨ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨਾ।

ਪ੍ਰਸਤੁਤੀਕਰਨ ਪੱਖਪਾਤ

ਇੱਕੋ ਘਟਨਾ ਨੂੰ ਵੱਖ-ਵੱਖ ਢੰਗ ਨਾਲ ਪੇਸ਼ ਕਰਕੇ ਲੋਕਾਂ ਦੀ ਸੋਚ ਪ੍ਰਭਾਵਿਤ ਕਰਨਾ।

ਵਪਾਰਕ ਪੱਖਪਾਤ

ਜਨਹਿਤ ਦੀ ਥਾਂ ਟੀ.ਆਰ.ਪੀ. ਅਤੇ ਵਿਗਿਆਪਨ ਲਈ ਸੰਸਨੀਖੇਜ਼ ਖ਼ਬਰਾਂ ਨੂੰ ਤਰਜੀਹ ਦੇਣਾ।

ਵਿਚਾਰਧਾਰਾਤਮਕ ਪੱਖਪਾਤ

ਕਿਸੇ ਖਾਸ ਸਮਾਜਿਕ ਜਾਂ ਆਰਥਿਕ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨਾ।

ਕੀ ਮੀਡੀਆ ਪੱਖਪਾਤ ਵਿਸ਼ਵ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ?

ਨਿਸ਼ਚਿਤ ਤੌਰ ‘ਤੇ ਮੀਡੀਆ ਆਧੁਨਿਕ ਰਾਜਨੀਤੀ ਉੱਤੇ ਡੂੰਘਾ ਪ੍ਰਭਾਵ ਪਾਂਦਾ ਹੈ।

ਲੋਕਧਾਰਾ ਦਾ ਨਿਰਮਾਣ

ਜ਼ਿਆਦਾਤਰ ਲੋਕ ਰਾਜਨੀਤਿਕ ਜਾਣਕਾਰੀ ਲਈ ਮੀਡੀਆ ਉੱਤੇ ਨਿਰਭਰ ਕਰਦੇ ਹਨ। ਜੇ ਮੀਡੀਆ ਕਿਸੇ ਵਿਸ਼ੇਸ਼ ਵਿਚਾਰ ਨੂੰ ਲਗਾਤਾਰ ਪ੍ਰਮੁੱਖਤਾ ਦਿੰਦਾ ਹੈ ਤਾਂ ਲੋਕ ਉਸਨੂੰ ਸੱਚ ਮੰਨਣ ਲੱਗਦੇ ਹਨ। ਸਕਾਰਾਤਮਕ ਖ਼ਬਰਾਂ ਕਿਸੇ ਨੇਤਾ ਦੀ ਲੋਕਪ੍ਰਿਯਤਾ ਵੱਧਾ ਸਕਦੀਆਂ ਹਨ ਜਦਕਿ ਨਕਾਰਾਤਮਕ ਖ਼ਬਰਾਂ ਉਸਦੇ ਅਕਸ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।ਰਾਜਨੀਤਿਕ ਮੁੱਦਿਆਂ ਦੀ ਚੋਣ ਮੀਡੀਆ ਇਹ ਨਿਰਧਾਰਤ ਕਰਦਾ ਹੈ ਕਿ ਕਿਹੜੇ ਮੁੱਦੇ ਲੋਕਾਂ ਦੇ ਵਿਚਾਰ-ਵਟਾਂਦਰੇ ਦਾ ਕੇਂਦਰ ਬਣਣਗੇ। ਜਿਵੇਂ ਕਿ ਬੇਰੁਜ਼ਗਾਰੀ,ਮਹਿੰਗਾਈ,ਭ੍ਰਿਸ਼ਟਾਚਾਰ,ਰਾਸ਼ਟਰੀ ਸੁਰੱਖਿਆ। ਇਸਨੂੰ ਏਜੈਂਡਾ ਸੈਟਿੰਗ ਕਿਹਾ ਜਾਂਦਾ ਹੈ।

ਚੋਣਾਂ ਉੱਤੇ ਪ੍ਰਭਾਵ

ਆਧੁਨਿਕ ਚੋਣਾਂ ਵਿੱਚ ਮੀਡੀਆ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਗਈ ਹੈ। ਚੋਣ ਪ੍ਰਚਾਰ, ਟੀਵੀ ਡਿਬੇਟਾਂ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਵੋਟਰਾਂ ਦੀ ਸੋਚ ਨੂੰ ਪ੍ਰਭਾਵਿਤ ਕਰਦੀਆਂ ਹਨ।

ਸਮਾਜ ਵਿੱਚ ਧ੍ਰੁਵੀਕਰਨ

ਪੱਖਪਾਤੀ ਮੀਡੀਆ ਲੋਕਾਂ ਨੂੰ ਵੱਖ-ਵੱਖ ਵਿਚਾਰਧਾਰਕ ਧੜਿਆਂ ਵਿੱਚ ਵੰਡ ਸਕਦਾ ਹੈ। ਇਸ ਨਾਲ ਸਮਾਜਿਕ ਟਕਰਾਅ,ਰਾਜਨੀਤਿਕ ਧ੍ਰੁਵੀਕਰਨ,ਲੋਕਤੰਤਰਿਕ ਸੰਸਥਾਵਾਂ ‘ਤੇ ਭਰੋਸੇ ਵਿੱਚ ਕਮੀ ਆ ਸਕਦੀ ਹੈ।

ਸਰਕਾਰਾਂ ਦੀ ਬਣਤਰ ਵਿੱਚ ਮੀਡੀਆ ਦੀ ਭੂਮਿਕਾ

ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨਾ

1.ਮੀਡੀਆ ਵੋਟਰਾਂ ਨੂੰ ਰਾਜਨੀਤਿਕ ਪਾਰਟੀਆਂ, ਚੋਣ ਮੈਨਿਫੈਸਟੋ,ਸਰਕਾਰੀ ਨੀਤੀਆਂ,ਉਮੀਦਵਾਰਾਂ ਦੀ ਯੋਗਤਾ ਬਾਰੇ ਜਾਣਕਾਰੀ ਦਿੰਦਾ ਹੈ।

2. ਚੋਣ ਪ੍ਰਚਾਰ ਦਾ ਮਾਧਿਅਮ

ਰਾਜਨੀਤਿਕ ਪਾਰਟੀਆਂ ਮੀਡੀਆ ਰਾਹੀਂ ਆਪਣੀਆਂ ਨੀਤੀਆਂ ਅਤੇ ਵਿਚਾਰ ਲੋਕਾਂ ਤੱਕ ਪਹੁੰਚਾਉਂਦੀਆਂ ਹਨ।

3. ਜਨਮਤ ਬਣਾਉਣਾ

ਮੀਡੀਆ ਕਿਸੇ ਖਾਸ ਨੇਤਾ ਜਾਂ ਪਾਰਟੀ ਦੇ ਹੱਕ ਵਿੱਚ ਜਨਮਤ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

4. ਸਰਕਾਰ ਉੱਤੇ ਨਿਗਰਾਨੀ

ਇੱਕ ਜ਼ਿੰਮੇਵਾਰ ਮੀਡੀਆ ਸਰਕਾਰ ਦੀਆਂ ਗਤੀਵਿਧੀਆਂ ਉੱਤੇ ਨਿਗਰਾਨੀ ਰੱਖਦਾ ਹੈ ਅਤੇ ਭ੍ਰਿਸ਼ਟਾਚਾਰ, ਸੱਤਾ ਦੇ ਦੁਰਪਯੋਗ,ਪ੍ਰਸ਼ਾਸਨਿਕ ਨਾਕਾਮੀਆਂ ਨੂੰ ਬੇਨਕਾਬ ਕਰਦਾ ਹੈ।

5. ਲੋਕਤੰਤਰ ਦੀ ਮਜ਼ਬੂਤੀ

ਨਿਰਪੱਖ ਮੀਡੀਆ ਲੋਕਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਲੋਕਾਂ ਦਾ ਸਰਕਾਰ ‘ਤੇ ਭਰੋਸਾ ਬਣਾਈ ਰੱਖਦਾ ਹੈ।

ਮੀਡੀਆ ਕਿਉਂ ਪੱਖਪਾਤੀ ਬਣ ਰਿਹਾ ਹੈ?

1. ਰਾਜਨੀਤਿਕ ਦਬਾਅ

ਕਈ ਮੀਡੀਆ ਘਰਾਨਿਆਂ ਦੇ ਰਾਜਨੀਤਿਕ ਪਾਰਟੀਆਂ ਨਾਲ ਸਿੱਧੇ ਜਾਂ ਅਪਰੋਕਸ਼ ਸੰਬੰਧ ਹੁੰਦੇ ਹਨ।

2. ਕਾਰਪੋਰੇਟ ਮਲਕੀਅਤ

ਵੱਡੀਆਂ ਕੰਪਨੀਆਂ ਦੁਆਰਾ ਮੀਡੀਆ ਸੰਸਥਾਵਾਂ ਦੀ ਮਲਕੀਅਤ ਕਾਰਨ ਵਪਾਰਕ ਹਿੱਤਾਂ ਨੂੰ ਤਰਜੀਹ ਮਿਲਦੀ ਹੈ।

3. ਟੀ.ਆਰ.ਪੀ. ਅਤੇ ਮੁਕਾਬਲਾ

ਦਰਸ਼ਕਾਂ ਅਤੇ ਵਿਗਿਆਪਨਾਂ ਦੀ ਦੌੜ ਵਿੱਚ ਸੰਸਨੀਖੇਜ਼ ਅਤੇ ਪੱਖਪਾਤੀ ਖ਼ਬਰਾਂ ਨੂੰ ਵਧਾਵਾ ਮਿਲਦਾ ਹੈ।

4. ਸੋਸ਼ਲ ਮੀਡੀਆ ਦਾ ਪ੍ਰਭਾਵ

ਸੋਸ਼ਲ ਮੀਡੀਆ ਉੱਤੇ ਵੱਧ ਕਲਿੱਕ ਅਤੇ ਸ਼ੇਅਰ ਪ੍ਰਾਪਤ ਕਰਨ ਲਈ ਭਾਵਨਾਤਮਕ ਅਤੇ ਵਾਦ-ਵਿਵਾਦ ਵਾਲੀ ਸਮੱਗਰੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

5. ਲੋਕਾਂ ਦੀ ਮਨੋਵਿਗਿਆਨਿਕ ਰੁਚੀ

ਲੋਕ ਅਕਸਰ ਉਹੀ ਖ਼ਬਰਾਂ ਦੇਖਣਾ ਪਸੰਦ ਕਰਦੇ ਹਨ ਜੋ ਉਨ੍ਹਾਂ ਦੀ ਸੋਚ ਨਾਲ ਮੇਲ ਖਾਂਦੀਆਂ ਹੋਣ। ਇਸ ਕਾਰਨ ਮੀਡੀਆ ਵੀ ਖਾਸ ਦਰਸ਼ਕ ਵਰਗ ਲਈ ਸਮੱਗਰੀ ਤਿਆਰ ਕਰਦਾ ਹੈ।

ਲੋਕਤੰਤਰ ਉੱਤੇ ਮੀਡੀਆ ਪੱਖਪਾਤ ਦੇ ਪ੍ਰਭਾਵ

ਸਕਾਰਾਤਮਕ ਪ੍ਰਭਾਵ

ਚਰਚਾ ਅਤੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹ ਮਿਲਦਾ ਹੈ।ਵੱਖ-ਵੱਖ ਵਿਚਾਰਧਾਰਾਵਾਂ ਨੂੰ ਮੰਚ ਮਿਲਦਾ ਹੈ।ਰਾਜਨੀਤਿਕ ਜਾਗਰੂਕਤਾ ਵੱਧਦੀ ਹੈ।

ਨਕਾਰਾਤਮਕ ਪ੍ਰਭਾਵ

ਗਲਤ ਜਾਣਕਾਰੀ ਫੈਲਦੀ ਹੈ। ਸਮਾਜ ਵਿੱਚ ਵੰਡ ਵੱਧਦੀ ਹੈ। ਲੋਕਾਂ ਦਾ ਸੰਸਥਾਵਾਂ ਉੱਤੇ ਭਰੋਸਾ ਘਟਦਾ ਹੈ।ਚੋਣ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

ਮੀਡੀਆ ਪੱਖਪਾਤ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

ਸੁਤੰਤਰ ਪੱਤਰਕਾਰਤਾ ਨੂੰ ਪ੍ਰੋਤਸਾਹਨ ਦਿੱਤਾ ਜਾਵੇ। ਮੀਡੀਆ ਨੈਤਿਕਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ਕੀਤਾ ਜਾਵੇ। ਤੱਥਾਂ ਦੀ ਜਾਂਚ ਅਤੇ ਸੱਚਾਈ ਦੀ ਪੁਸ਼ਟੀ ਨੂੰ ਲਾਜ਼ਮੀ ਬਣਾਇਆ ਜਾਵੇ। ਲੋਕਾਂ ਵਿੱਚ ਮੀਡੀਆ ਸਾਖਰਤਾ ਵਧਾਈ ਜਾਵੇ। ਮੀਡੀਆ ਮਲਕੀਅਤ ਵਿੱਚ ਪਾਰਦਰਸ਼ਤਾ ਹੋਵੇ।

ਆਧੁਨਿਕ ਯੁੱਗ ਵਿੱਚ ਮੀਡੀਆ ਵਿਸ਼ਵ ਰਾਜਨੀਤੀ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਬਣ ਚੁੱਕਾ ਹੈ। ਇਹ ਲੋਕਧਾਰਾ ਬਣਾਉਂਦਾ ਹੈ, ਚੋਣਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਰਕਾਰਾਂ ਦੀ ਬਣਤਰ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰੰਤੂ ਵੱਧਦੇ ਰਾਜਨੀਤਿਕ, ਵਪਾਰਕ ਅਤੇ ਵਿਚਾਰਧਾਰਕ ਦਬਾਅ ਕਾਰਨ ਮੀਡੀਆ ਵਿੱਚ ਪੱਖਪਾਤ ਵੀ ਵਧ ਰਿਹਾ ਹੈ। ਇਸ ਲਈ ਇੱਕ ਸੁਤੰਤਰ, ਜ਼ਿੰਮੇਵਾਰ ਅਤੇ ਨਿਰਪੱਖ ਮੀਡੀਆ ਹੀ ਲੋਕਤੰਤਰ ਦੀ ਅਸਲ ਤਾਕਤ ਬਣ ਸਕਦਾ ਹੈ। ਜਾਗਰੂਕ ਅਤੇ ਸੂਚਿਤ ਨਾਗਰਿਕ ਹੀ ਮਜ਼ਬੂਤ ਲੋਕਤੰਤਰ ਦੀ ਨੀਂਹ ਹੁੰਦੇ ਹਨ।

**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**



# ਅਧਿਆਪਨ ਅਤੇ ਅਦਾਕਾਰੀ ਦੀ ਮਾਣਮੱਤੀ ਸ਼ਖ਼ਸੀਅਤ ਬਲਿੰਦਰ ਜੌਹਲ

ਪੰਜਾਂ ਦਰਿਆਵਾਂ ਵਾਲੀ ਧਰਤੀ ਪੰਜਾਬ ਦੀ ਮਿੱਟੀ ਨੇ ਅਨੇਕਾਂ ਇਹੋ ਜਿਹੀਆਂ ਧੀਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਆਪਣੀ ਮਿਹਨਤ, ਲਗਨ ਅਤੇ ਹੁਨਰ ਦੇ ਸਦਕਾ ਦੁਨੀਆ ਭਰ ਵਿੱਚ ਆਪਣਾ ਅਤੇ ਪੰਜਾਬ ਦਾ ਨਾਮ ਸੁਨਿਹਰੀ ਅੱਖਰਾਂ 'ਚ ਦਰਜ ਕਰਵਾਇਆ। ਅਜਿਹੀਆਂ ਹੀ ਵਿਲੱਖਣ ਸ਼ਖ਼ਸੀਅਤਾਂ ਵਿੱਚੋਂ ਇੱਕ ਨਾਮ ਹੈ



ਬਲਿੰਦਰ ਜੌਹਲ

ਬਲਿੰਦਰ ਜੌਹਲ ਦਾ — ਇੱਕ ਅਜਿਹੀ ਔਰਤ ਜਿਸਨੇ ਅਧਿਆਪਕਾ ਵਜੋਂ ਪੰਜਾਬ ਹੀ ਨਹੀਂ ਸਗੋਂ ਵਿਦੇਸ਼ੀ ਧਰਤੀ ਤੇ ਹਜ਼ਾਰਾਂ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਰੌਸ਼ਨ ਕੀਤੀ ਅਤੇ ਅਦਾਕਾਰਾ ਵਜੋਂ ਰੰਗਮੰਚ, ਟੈਲੀਵਿਜ਼ਨ ਅਤੇ ਫ਼ਿਲਮਾਂ ਦੀ ਦੁਨੀਆ ਵਿੱਚ ਆਪਣੀ ਕਾਬਲੀਅਤ ਦਾ ਅਮਿੱਟ ਛਾਪ ਛੱਡੀ। ਰਾਏਕੋਟ ਦੀ ਮਿੱਟੀ ਤੋਂ ਸ਼ੁਰੂ ਹੋਇਆ ਇਹ ਸਫ਼ਰ ਕੈਨੇਡਾ ਦੇ ਵਿਸ਼ਵ ਪੱਧਰੀ ਮੰਚਾਂ ਤੱਕ ਪਹੁੰਚਿਆ ਅਤੇ ਅੱਜ ਉਹ ਪੰਜਾਬੀ ਭਾਈਚਾਰੇ ਲਈ ਮਾਣ ਦਾ ਪ੍ਰਤੀਕ ਬਣ ਹੋਈ ਹੈ।

ਬਲਿੰਦਰ ਜੌਹਲ ਦਾ ਜਨਮ 13 ਦਸੰਬਰ 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਕਸਬੇ ਵਿੱਚ ਇਲਾਕੇ ਦੇ ਮੰਨੇ-ਪ੍ਰਮੰਨੇ ਯੂਨਾਨੀ ਹਕੀਮ ਰਾਮ ਸਿੰਘ ਜੰਡਵਾਲੇ ਅਤੇ ਮਾਤਾ ਪ੍ਰੀਤਮ ਕੌਰ ਦੇ ਘਰ ਹੋਇਆ। ਆਪਣੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੀ ਹੋਣ ਕਰਨ ਅਤੇ ਪਰਿਵਾਰਕ ਮਾਹੌਲ ਨੇ ਬਚਪਨ ਤੋਂ ਹੀ ਬਲਿੰਦਰ ਜੌਹਲ ਦੇ ਮਨ ਵਿੱਚ ਸਿੱਖਣ, ਅੱਗੇ ਵਧਣ ਅਤੇ ਕੁਝ ਵੱਖਰਾ ਕਰਨ ਦੀ ਲਗਨ ਨੂੰ ਜਗਾਇਆ।

ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਰਾਏਕੋਟ, ਖੰਨਾ ਅਤੇ ਲੁਧਿਆਣੇ ਦੇ ਪਿੰਡ ਮੋਹੀ ਦੇ ਸਕੂਲ ਤੋਂ ਪ੍ਰਾਪਤ ਕੀਤੀ। ਬਚਪਨ ਤੋਂ ਹੀ ਉਹ ਪੜ੍ਹਾਈ ਵਿੱਚ ਬੇਹੱਦ ਹੋਸ਼ਿਆਰ ਸਨ ਅਤੇ ਡਾਕਟਰ ਬਣਨ ਦਾ ਸੁਪਨਾ ਵੇਖਦੇ ਸਨ। ਇਸੇ ਇੱਛਾ ਨਾਲ ਉਨ੍ਹਾਂ ਨੇ ਮੋਗਾ ਦੇ ਕਾਲਜ ਵਿੱਚ (ਐੱਫ.ਐੱਸ.ਸੀ.) ਸਾਇੰਸ ਵਿਸ਼ਿਆਂ ਵਿੱਚ ਦਾਖ਼ਲਾ ਲਿਆ ਅਤੇ ਪਹਿਲੀ ਸ਼੍ਰੇਣੀ ਵਿੱਚ ਪਾਸ ਵੀ ਹੋਏ। ਪਰ ਹਾਲਾਤਾਂ ਨੇ ਉਨ੍ਹਾਂ ਨੂੰ ਮੈਡੀਕਲ ਦੀ ਪੜ੍ਹਾਈ ਤੋਂ ਦੂਰ ਕਰ ਦਿੱਤਾ। ਜਿੱਥੇ ਕਈ ਲੋਕ ਇੱਥੇ ਹਾਰ ਮੰਨ ਲੈਂਦੇ ਹਨ, ਪਰ ਬਲਿੰਦਰ ਜੌਹਲ ਨੇ ਹਿੰਮਤ ਨਾ ਹਾਰਦੇ ਹੋਏ ਬੀ.ਏ. ਅਤੇ ਬੀ.ਟੀ. ਕਰਕੇ ਅਧਿਆਪਨ ਦਾ ਰਸਤਾ ਚੁਣਕੇ ਆਪਣੇ ਗਿਆਨ ਨੂੰ ਹੋਰਾਂ ਤੱਕ ਪਹੁੰਚਾਉਣ ਨੂੰ ਆਪਣਾ ਮਕਸਦ ਬਣਾਇਆ।

ਅਧਿਆਪਕਾ ਵਜੋਂ ਉਨ੍ਹਾਂ ਦਾ ਸਫ਼ਰ ਜਗਰਾਓਂ, ਭਵਾਨੀ ਅਤੇ ਨਾਭਾ ਦੇ ਸਕੂਲਾਂ ਤਕ ਪੁੱਜਿਆ। ਇਕ ਪੜ੍ਹਾਉਣ ਵਾਲੀ ਅਧਿਆਪਕਾ ਦੇ ਨਾਲ-ਨਾਲ ਖੁਦ ਵੀ ਲਗਾਤਾਰ ਸਿੱਖਣ ਦੇ ਵਿਸ਼ਵਾਸ ਨਾਲ ਆਪਣੀ ਛੋਟੀ ਅਤੇ ਲਾਡਲੀ ਭੈਣ ਨਰਿੰਦਰ ਕੌਰ (ਨੀਨਾ ਟਿਵਾਣਾ) ਦੇ ਨੋਟਸ ਪੜ੍ਹਕੇ ਪੰਜਾਬੀ ਵਿੱਚ ਮਾਸਟਰਜ਼ ਦੀ ਡਿਗਰੀ ਵੀ ਹਾਸਲ ਕੀਤੀ।

ਅਦਾਕਾਰੀ ਨਾਲ ਉਨ੍ਹਾਂ ਦਾ ਨਾਤਾ ਵੀ ਬਹੁਤ ਪੁਰਾਣਾ ਸੀ। ਪਟਿਆਲਾ ਵਿੱਚ ਉਨ੍ਹਾਂ ਨੇ ਹਰਪਾਲ ਟਿਵਾਣਾ ਗਰੁੱਪ ਨਾਲ ਮਿਲਕੇ "ਸ਼ਰਾਰਤ", "ਸੁਹਾ ਸਾਲੂ" ਅਤੇ ਧਰਮਵੀਰ ਭਾਰਤੀ ਦੇ ਪ੍ਰਸਿੱਧ ਹਿੰਦੀ ਨਾਟਕ "ਇਕ ਰਾਤ" ਵਿੱਚ ਭੂਮਿਕਾਵਾਂ ਨਿਭਾਈਆਂ। "ਇਕ ਰਾਤ" ਵਿੱਚ ਉਨ੍ਹਾਂ ਦੀ ਸ਼ਾਨਦਾਰ ਅਦਾਕਾਰੀ ਲਈ ਉਨ੍ਹਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਨਮਾਨ ਵੀ ਮਿਲਿਆ। ਪਰ ਵਿਆਹ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਲਗਭਗ ਤੀਹ ਸਾਲਾਂ ਲਈ ਉਨ੍ਹਾਂ ਨੂੰ ਅਦਾਕਾਰੀ ਤੋਂ ਦੂਰ ਰਹਿਣਾ ਪਿਆ।




1963 ਵਿੱਚ ਉਨ੍ਹਾਂ ਦਾ ਵਿਆਹ ਅਮਰਜੀਤ ਸਿੰਘ ਜੌਹਲ ਨਾਲ ਹੋਇਆ ਅਤੇ 1965 'ਚ ਉਹ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਆ ਵਸੇ। ਨਵਾਂ ਦੇਸ਼, ਨਵਾਂ ਮਾਹੌਲ ਅਤੇ ਨਵੀਆਂ ਚੁਣੌਤੀਆਂ ਵਿੱਚ ਬਲਿੰਦਰ ਜੌਹਲ ਨੇ ਹਰ ਮੁਸ਼ਕਲ ਦਾ ਡੱਟ ਕੇ ਸਾਹਮਣਾ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਐਮ.ਐਡ. ਦੀ ਡਿਗਰੀ ਹਾਸਲ ਕੀਤੀ ਅਤੇ ਇੱਕ ਕਾਬਿਲ ਅਧਿਆਪਕਾ ਵਜੋਂ ਕੈਨੇਡਾ ਵਿਖੇ ਇਤਿਹਾਸ, ਭੂਗੋਲ ਅਤੇ ਗਣਿਤ ਵਰਗੇ ਵਿਸ਼ੇ ਪੜ੍ਹਾਏ।


58 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਆਪਣੀ ਨੌਕਰੀ ਤੋਂ ਰਿਟਾਇਰਮੈਂਟ ਲਈ ਤਾਂ ਜੋ ਆਪਣੇ ਅੰਦਰ ਦੇ ਕਲਾਕਾਰ ਨੂੰ ਪੂਰੀ ਤਰ੍ਹਾਂ ਜੀਅ ਸਕਣ। ਇਹ ਉਹ ਮੋੜ ਸੀ ਜਿੱਥੋਂ ਉਨ੍ਹਾਂ ਦੀ ਅਦਾਕਾਰੀ ਨੇ ਨਵੀਂ ਉਡਾਣ ਭਰੀ। ਹਰਪਾਲ ਟਿਵਾਣਾ, ਨੀਨਾ ਟਿਵਾਣਾ, ਮਨਪਾਲ ਅਤੇ ਨਿਰਮਲ ਰਿਸ਼ੀ ਨਾਲ ਮਿਲਕੇ ਉਨ੍ਹਾਂ ਨੇ "ਸਰਹਿੰਦ ਦੀ ਦੀਵਾਰ", "ਮਿੱਤਰ ਪਿਆਰੇ ਨੂੰ", "ਕਣਕ ਦੀ ਬੱਲੀ" ਅਤੇ "ਧਰਮ ਦੀ ਚਾਦਰ" ਵਰਗੇ ਪ੍ਰਸਿੱਧ ਨਾਟਕਾਂ ਰਾਹੀਂ ਕੈਨੇਡਾ ਅਤੇ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਉਨ੍ਹਾਂ ਦਾ ਸਭ ਤੋਂ ਮਸ਼ਹੂਰ ਨਾਟਕ "ਮਾਈ ਗ੍ਰੈਨੀ ਦ ਗੋਲਡਫਿਸ਼" ਰਿਹਾ, ਜਿਸਨੂੰ ਕੈਨੇਡਾ ਦੇ ਆਰਟਸ ਕਲੱਬ ਥੀਏਟਰ ਵਿੱਚ ਪੇਸ਼ ਕੀਤਾ ਗਿਆ। ਇਸ ਨਾਟਕ ਵਿੱਚ ਉਨ੍ਹਾਂ ਦੀ ਮੁੱਖ ਭੂਮਿਕਾ ਨੂੰ ਸਮੀਖਿਆਕਾਰਾਂ ਅਤੇ ਦਰਸ਼ਕਾਂ ਵੱਲੋਂ ਬੇਹੱਦ ਸਰਾਹਿਆ ਗਿਆ।

ਅਦਾਕਾਰੀ ਦੀ ਕਲਾ ਨੂੰ ਹੋਰ ਨਿਖਾਰਨ ਲਈ ਫੇਰ ਉਨ੍ਹਾਂ ਨੇ ਵੈਨਕੂਵਰ ਫ਼ਿਲਮ ਸਕੂਲ ਅਤੇ ਲਾਸ ਐਂਜਲਸ ਦੇ ਲੀ ਸਟ੍ਰਾਸਬਰਗ ਇੰਸਟੀਚਿਊਟ ਤੋਂ ਐਕਟਿੰਗ ਵਿਸ਼ੇਸ਼ ਸਿਖਲਾਈ ਲਈ। ਇਸ ਸਿਖਲਾਈ ਨੇ ਉਨ੍ਹਾਂ ਦੇ ਅੰਦਰਲੇ ਕਲਾਕਾਰ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਜਿਸ ਨਾਲ ਫ਼ਿਲਮਾਂ ਤੇ ਟੈਲੀਵਿਜ਼ਨ ਦੀ ਦੁਨੀਆ ਦੇ ਦਰਵਾਜ਼ੇ ਉਨ੍ਹਾਂ ਲਈ ਖੁੱਲ੍ਹ ਗਏ। ਉਨ੍ਹਾਂ ਦੀ ਪਹਿਲੀ ਫ਼ਿਲਮ "ਵਿੰਗਜ਼ ਆਫ ਕਰੇਜ" ਸੀ, ਜਿਸ ਵਿੱਚ ਉਨ੍ਹਾਂ ਨੇ ਇੱਕ ਕਿਸਾਨ ਔਰਤ ਦਾ ਕਿਰਦਾਰ ਨਿਭਾਇਆ।

ਇਸ ਤੋਂ ਬਾਅਦ ਉਨ੍ਹਾਂ ਨੇ "ਜੱਟ ਐਂਡ ਜੂਲੀਅਟ" ਅਤੇ "ਬੀਬਾ ਬੌਇਜ਼" ਸਮੇਤ ਲਗਭਗ 45 ਫੀਚਰ ਫ਼ਿਲਮਾਂ, 26 ਸ਼ਾਰਟ ਫ਼ਿਲਮਾਂ, 27 ਟੀ.ਵੀ. ਸੀਰੀਜ਼, 16 ਨਾਟਕਾਂ ਅਤੇ ਅਨੇਕਾਂ ਵਿਗਿਆਪਨਾਂ ਵਿੱਚ ਕੰਮ ਕੀਤਾ। ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਸੀਰੀਜ਼ "ਯੈਲੋ ਜੈਕਟਸ" ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਮਸ਼ਹੂਰ ਨਿਰਦੇਸ਼ਕਾ ਦੀਪਾ ਮਹਿਤਾ ਦੀ ਫ਼ਿਲਮ "ਹੈਵਨ ਆਨ ਅਰਥ" ਵਿੱਚ ਉਨ੍ਹਾਂ ਨੇ ਪ੍ਰੀਟੀ ਜ਼ਿੰਟਾ ਦੀ ਸੱਸ ਦਾ ਕਿਰਦਾਰ ਇਸ ਤਰੀਕੇ ਨਾਲ ਨਿਭਾਇਆ ਕਿ ਉਨ੍ਹਾਂ ਦੀ ਅਦਾਕਾਰੀ ਨੂੰ ਸਮੀਖਿਆਕਾਰਾਂ ਅਤੇ ਅਖ਼ਬਾਰਾਂ ਵੱਲੋਂ ਖੂਬ ਪ੍ਰਸ਼ੰਸਾ ਮਿਲੀ।ਪੰਜਾਬੀ ਸਿਨੇਮਾ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਬੇਹੱਦ ਖ਼ਾਸ ਰਿਹਾ। ਉਨ੍ਹਾਂ ਨੇ ਦਿਲਜੀਤ ਦੋਸਾਂਝ ਨਾਲ ਚਾਰ ਫ਼ਿਲਮਾਂ ਵਿੱਚ ਕੰਮ ਕੀਤਾ ਅਤੇ ਦਿਲਜੀਤ ਉਨ੍ਹਾਂ ਨੂੰ ਆਪਣਾ "ਲੱਕੀ ਚਾਰਮ" ਮੰਨਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਅਨੁਪਮ ਖੇਰ, ਜਿੰਮੀ ਸ਼ੇਰਗਿੱਲ, ਨੀਰੂ ਬਾਜਵਾ ਅਤੇ ਸਰਗੁਣ ਮਹਿਤਾ ਵਰਗੇ ਮਸ਼ਹੂਰ ਕਲਾਕਾਰਾਂ ਨਾਲ ਵੀ ਸਕਰੀਨ ਸਾਂਝੀ ਕੀਤੀ।

ਬਲਿੰਦਰ ਜੌਹਲ ਸਿਰਫ਼ ਇੱਕ ਕਾਮਯਾਬ ਅਦਾਕਾਰਾ ਹੀ ਨਹੀਂ, ਸਗੋਂ ਇੱਕ ਸਮਾਜਿਕ ਚੇਤਨਾ ਵਾਲੀ ਕਲਾਕਾਰ ਵੀ ਹਨ। ਉਨ੍ਹਾਂ ਦੀ ਟੀ.ਵੀ. ਸੀਰੀਜ਼ "ਚਾਚੀ ਜੀ" ਰਾਹੀਂ ਉਨ੍ਹਾਂ ਨੇ ਪੀੜ੍ਹੀਆਂ ਅਤੇ ਸੱਭਿਆਚਾਰਕ ਸੋਚ ਵਿਚਕਾਰ ਪੈਦਾ ਹੋ ਰਹੇ ਫ਼ਰਕਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ। ਦਰਸ਼ਕਾਂ ਵਲੋਂ ਇਸ ਸੀਰੀਜ਼ ਨੂੰ ਇੰਨਾ ਭਰਵਾਂ ਹੁੰਗਾਰਾ ਮਿਲਿਆ ਕਿ ਉਹ ਖ਼ਾਸ ਵਿਸ਼ਿਆਂ 'ਤੇ ਨਵੇਂ ਐਪੀਸੋਡ ਬਣਾਉਣ ਦੀ ਮੰਗ ਕਰਨ ਲੱਗ ਪਏ।

ਉਨ੍ਹਾਂ ਵਲੋਂ ਆਪਣੀ ਕਲਾ ਦੇ ਪ੍ਰਤੀ ਯੋਗਦਾਨ ਨੂੰ ਦੇਸ਼-ਵਿਦੇਸ਼ ਵਿੱਚ ਕਈ ਮਾਣਯੋਗ ਸਨਮਾਨ ਮਿਲੇ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਫ਼ਿਲਮ ਅਤੇ ਟੈਲੀਵਿਜ਼ਨ ਖੇਤਰ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਮਾਣ ਦੇਣ ਵਾਲੇ "ਲਿਓ ਐਵਾਰਡਜ਼" ਵਿੱਚ ਬਲਿੰਦਰ ਜੌਹਲ ਨੂੰ ਸੱਤ ਵਾਰ ਨਾਮਜ਼ਦ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਜਿਸ 'ਚੋਂ ਉਨ੍ਹਾਂ ਨੇ 2008 ਵਿੱਚ ਫ਼ਿਲਮ "ਦ ਬਰਥਡੇਅ" ਲਈ ਅਤੇ 2020 ਵਿੱਚ ਪ੍ਰਸਿੱਧ ਮਿੰਨੀ ਸੀਰੀਜ਼ "ਦ 410" ਲਈ ਇਹ ਐਵਾਰਡ ਦੋ ਵਾਰ ਜਿੱਤ ਕੇ ਨਾ ਸਿਰਫ਼ ਆਪਣੀ ਕਲਾ ਦਾ ਲੋਹਾ ਮਨਵਾਇਆ, ਸਗੋਂ ਪੰਜਾਬੀ ਭਾਈਚਾਰੇ ਦਾ ਨਾਮ ਵੀ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।ਥੀਏਟਰ, ਫ਼ਿਲਮ ਅਤੇ ਟੀਵੀ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਉਨ੍ਹਾਂ ਨੂੰ ਹਰਪਾਲ ਟਿਵਾਣਾ ਸੈਂਟਰ ਫਾਰ ਪਰਫਾਰਮਿੰਗ ਆਰਟਸ, ਦਰਪਨ ਮੈਗਜ਼ੀਨ, ਸਿੱਖਲੈਂਸ ਫ਼ਿਲਮ ਫੈਸਟੀਵਲ, ਚੜ੍ਹਦੀ ਕਲਾ ਟਾਈਮ ਟੀ.ਵੀ.ਪਟਿਆਲਾ ਅਤੇ ਪੰਜਾਬੀ ਆਰਟਸ ਐਸੋਸੀਏਸ਼ਨ ਆਫ ਟੋਰਾਂਟੋ ਵੱਲੋਂ ਵੀ ਸਨਮਾਨਿਤ ਕੀਤਾ ਗਿਆ। "ਚਾਚੀ ਜੀ" ਅਤੇ "ਸਰਹਿੰਦ ਦੀ ਦੀਵਾਰ" ਵਰਗੇ ਪ੍ਰੋਜੈਕਟਾਂ ਲਈ ਮਿਲੇ ਸਨਮਾਨ ਉਨ੍ਹਾਂ ਦੀ ਕਲਾ ਪ੍ਰਤੀ ਲੋਕਾਂ ਦੇ ਪਿਆਰ ਦੀ ਅੱਜ ਵੀ ਗਵਾਹੀ ਦਿੰਦੇ ਹਨ।ਅੱਜ ਜ਼ਿੰਦਗੀ ਦੇ 91ਵਰ੍ਹੇ ਦਾ ਆਨੰਦ ਮਾਣਦੇ ਹੋਏ ਬਲਿੰਦਰ ਜੌਹਲ ਜੀ ਇਹ ਸਾਬਤ ਕਰਦੇ ਹਨ ਕਿ ਉਮਰ ਕਦੇ ਵੀ ਸੁਪਨਿਆਂ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਦੀ। ਇੱਕ ਅਧਿਆਪਕਾ, ਅਦਾਕਾਰਾ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਉਨ੍ਹਾਂ ਨੇ ਜੋ ਸਫ਼ਰ ਤੈਅ ਕੀਤਾ, ਉਹ ਹਰ ਔਰਤ ਲਈ ਪ੍ਰੇਰਣਾ ਹੈ। ਉਨ੍ਹਾਂ ਦੀ ਜ਼ਿੰਦਗੀ ਦਾ ਹਰ ਪੜਾਅ ਇਹ ਸੁਨੇਹਾ ਦਿੰਦਾ ਹੈ ਕਿ ਜੇ ਮਨ ਵਿੱਚ ਜਜ਼ਬਾ ਹੋਵੇ ਤਾਂ ਇਨਸਾਨ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਆਪਣੀ ਪਛਾਣ ਬਣਾ ਸਕਦਾ ਹੈ। ਬਲਿੰਦਰ ਜੌਹਲ ਸੱਚਮੁੱਚ ਉਹਨਾਂ ਕਲਾਕਾਰਾਂ ਵਿੱਚੋਂ ਹਨ ਜਿਨ੍ਹਾਂ ਨੇ ਆਪਣੀ ਸਾਦਗੀ, ਮਿਹਨਤ ਅਤੇ ਕਲਾ ਨਾਲ ਦੋ ਮਹਾਂਦੀਪਾਂ ਦੇ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਅਮਿੱਟ ਥਾਂ ਬਣਾਈ ਹੈ।



ਆਪਣੇ ਸਾਥੀ ਕਲਾਕਾਰਾਂ ਨਾਲ ਨਾਟਕ ਏਕ ਰਾਤ 'ਚ ਬਲਿੰਦਰ ਜੌਹਲ।



ਬਲਦੇਵ ਸਿੰਘ ਬੇਦੀ
ਜਲੰਧਰ
9041925181

# ਬਦਲਦੇ ਪਰਿਵਾਰਕ ਢਾਂਚਿਆਂ ਦਾ ਮਨੁੱਖੀ ਸ਼ਖ਼ਸੀਅਤ 'ਤੇ ਪ੍ਰਭਾਵ



ਮਨੁੱਖ ਦੇ ਪ੍ਰਗਤੀਸ਼ੀਲ ਹੁੰਦੇ ਹੀ ਸਾਡੇ ਦੇਸ਼ ਵਿੱਚ ਪਰਿਵਾਰਕ ਢਾਂਚਿਆਂ ਉੱਪਰ ਵੀ ਡੂੰਘਾ ਪ੍ਰਭਾਵ ਪਿਆ ਹੈ। ਵਿਸ਼ਵੀਕਰਨ ਹੋਣ ਨਾਲ ਜਿੱਥੇ ਸਾਡੀ ਰਹਿਣੀ-ਬਹਿਣੀ,ਖਾਣ- ਪਾਣ ਅਤੇ ਹੋਰ ਸਾਰੇ ਪੱਖਾਂ ਉੱਤੇ ਪੱਛਮੀ ਪ੍ਰਭਾਵ ਪਿਆ ਹੈ ਉੱਥੇ ਹੀ ਸਾਡੇ ਪਰਿਵਾਰਕ ਜੀਵਨ ਵਿੱਚ ਵੀ ਭਾਰੀ ਤਬਦੀਲੀ ਆਈ ਹੈ। ਪੱਛਮੀ ਪ੍ਰਭਾਵ ਹੇਠ ਅਕਾਸ਼ ਵਿੱਚ ਉਡਾਰੀਆਂ ਮਾਰਨ ਵਾਲ਼ੀ ਸੋਚ ਨੇ ਅੱਜ ਮਨੁੱਖ ਨੂੰ ਆਪਣੇ ਪਰਿਵਾਰ ਤੋਂ ਵੀ ਦੂਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਪਰ ਮਹੱਤਵਪੂਰਨ ਇਕਾਈ ਹੁੰਦੀ ਹੈ। ਮਨੁੱਖ ਜਨਮ ਸਮੇਂ ਤੋਂ ਲੈਕੇ ਮਰਨ ਤੱਕ ਇੱਕ ਪਰਿਵਾਰ ਦਾ ਹਿੱਸਾ ਰਹਿੰਦਾ ਹੈ ਜਾਂ ਇਉਂ ਕਹਿ ਲਵੋ ਕਿ ਪਰਿਵਾਰ ਮਨੁੱਖ ਦੀ ਜ਼ਿੰਦਗੀ ਦਾ ਉਹ ਧੁਰਾ ਹੁੰਦਾ ਹੈ ਜਿਸ ਦੇ ਇਰਦ ਗਿਰਦ ਉਸ ਦਾ ਜੀਵਨ ਅਤੇ ਸਧਰਾਂ ਘੁੰਮਦੀਆਂ ਰਹਿੰਦੀਆਂ ਹਨ। ਕਿਸੇ ਵੀ ਮਨੁੱਖ ਦਾ ਜਿਹੋ ਜਿਹਾ ਪਰਿਵਾਰਕ ਜੀਵਨ ਹੋਵੇਗਾ ਉਸ ਦੀ ਸ਼ਖ਼ਸੀਅਤ ਵੀ ਲਗਪਗ ਉਸੇ ਅਨੁਸਾਰ ਹੀ ਤਿਆਰ ਹੁੰਦੀ ਹੈ। ਪਰਿਵਾਰ ਵਿੱਚ ਰਹਿਕੇ ਉਹ ਜਦੋਂ ਤੋਂ ਹੋਸ਼ ਸੰਭਾਲਦਾ ਹੈ, ਉਹ ਤੋਤਲੀਆਂ ਗੱਲਾਂ ਕਰਨੀਆਂ ਸਿੱਖਦਾ ਹੈ, ਫਿਰ ਉਹਨਾਂ ਤੋਤਲੀਆਂ ਗੱਲਾਂ ਨਾਲ ਵੱਡਿਆਂ ਦੇ ਰੁੱਸੇ ਤੇ ਮਸੂਸੇ ਚਿਹਰਿਆਂ ਉੱਤੇ ਮੁਸਕਰਾਹਟ ਲਿਆਉਂਦੇ ਦੇਖਦਾ ਹੈ ਤੇ ਉਹੀ ਕੁਝ ਆਪ ਸਿੱਖਦਾ ਹੈ । ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਹੈ ਉਹ ਰੁੱਸਣਾ, ਮਨਾਉਣਾ ,ਹੱਸਣਾ ,ਖੇਡਣਾ ਅਤੇ ਕਰਤੱਵ ਨਿਭਾਉਣੇ ਬਾਖ਼ੂਬੀ ਸਿੱਖਦਾ ਹੈ । ਇਸ ਸਭ ਦੇ ਨਾਲ ਨਾਲ ਉਹ ਆਪਣੀ ਜੀਵਨ ਜਾਚ ਵੀ ਸਿੱਖਦਾ ਹੈ।

ਪਹਿਲਾਂ ਪਹਿਲ ਸੰਯੁਕਤ ਪਰਿਵਾਰ ਸਾਡੇ ਸਮਾਜ ਦਾ ਇੱਕ ਅਹਿਮ ਹਿੱਸਾ ਹੁੰਦੇ ਸਨ ਕਿਉਂਕਿ ਇੱਕ ਸੰਯੁਕਤ ਪਰਿਵਾਰ ਜਿੰਨਾਂ ਵੱਡਾ ਹੁੰਦਾ ਸੀ ਓਨਾ ਹੀ ਉਸ ਪਰਿਵਾਰ ਨੂੰ ਸਮਾਜ ਵਿੱਚ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਉਦੋਂ ਚਾਹੇ ਲੋਕ ਬਹੁਤ ਪੜ੍ਹੇ ਲਿਖੇ ਨਹੀਂ ਹੁੰਦੇ ਸਨ ਤੇ ਨਾ ਹੀ ਨੌਕਰੀਆਂ ਕਰਨ ਦਾ ਰਿਵਾਜ ਸੀ ਪਰ ਫਿਰ ਵੀ ਇੱਕ ਬਜ਼ੁਰਗ ਦੀ ਛਤਰ ਛਾਇਆ ਹੇਠ ਉਸ ਦੇ ਬੱਚਿਆਂ ਤੋਂ ਅੱਗੇ ਬੱਚਿਆਂ ਦੇ ਪਰਿਵਾਰ ਵੀ ਇਕੱਠੇ ਹੀ ਇੱਕ ਛੱਤ ਹੇਠ ਰਹਿੰਦੇ ਸਨ। ਅੱਜਕਲ੍ਹ ਕਈ ਵਾਰ ਛੋਟੀਆਂ ਪਾਰਟੀਆਂ ਲਈ ਜਿੰਨਾ ਇਕੱਠ ਹੋ ਜਾਂਦਾ ਹੈ ਓਨਾ ਤਾਂ ਇੱਕ ਇੱਕ ਪਰਿਵਾਰ ਦੇ ਜੀਆਂ ਦਾ ਇੱਕ ਘਰ ਵਿੱਚ ਇਕੱਠ ਹੁੰਦਾ ਸੀ। ਐਨੇ ਵੱਡੇ ਪਰਿਵਾਰ ਵਿੱਚ ਵਿਚਰਦੇ ਹੋਏ ਬੱਚੇ ਵੱਡਿਆਂ ਨੂੰ ਸਤਿਕਾਰਨਾ, ਛੋਟਿਆਂ ਨੂੰ ਪਿਆਰਨਾ ਅਤੇ ਰੁੱਸਿਆਂ ਨੂੰ ਮਨਾਉਣਾ, ਹੱਸਦਿਆਂ ਨਾਲ ਹੱਸਣਾ , ਵੱਡਿਆਂ ਦੇ ਕੰਮ ਵਿੱਚ ਹੱਥ ਵਟਾਉਣਾ ਆਦਿਕ ਸਦਾਚਾਰਕ ਗੁਣ ਸਹਿਜ ਸੁਭਾਅ ਹੀ ਸਿੱਖ ਲੈਂਦੇ ਸਨ। ਇਸ ਸਭ ਲਈ ਉਹਨਾਂ ਨੂੰ ਸਿਖਾਉਣ ਦੀ ਲੋੜ ਨਹੀਂ ਪੈਂਦੀ ਸੀ ਸਗੋਂ ਸਹਿਜ ਸੁਭਾਅ ਹੀ ਉਹ ਪਰਿਵਾਰ ਵਿੱਚੋਂ ਚੰਗੀਆਂ ਗੱਲਾਂ ਸਿੱਖ ਲੈਂਦੇ ਸਨ।

ਜਿਵੇਂ ਜਿਵੇਂ ਜ਼ਮਾਨਾ ਬਦਲਦਾ ਗਿਆ ਘਰਾਂ ਵਿੱਚ ਪਾੜ੍ਹਿਆਂ ਦੀ ਗਿਣਤੀ ਵਧਣ ਲੱਗੀ, ਕਿਸੇ ਨੂੰ ਘਰ ਤੋਂ ਦੂਰ ਨੌਕਰੀ ਕਰਨ ਜਾਣਾ ਪੈਂਦਾ, ਕਿਸੇ ਨੂੰ ਘਰ ਦੀ ਵੱਡੀ ਕਬੀਲਦਾਰੀ 'ਤੇ ਆਪਣੀ ਕਮਾਈ ਵਿੱਚੋਂ ਖਰਚ ਹੋਣ ਦੇ ਡਰੋਂ ਆਪਣੀ ਪਤਨੀ ਤੇ ਬੱਚਿਆਂ ਨੂੰ ਲੈ ਕੇ ਅੱਡ ਹੋਣ ਦੀ ਰੀਤ ਚੱਲ ਪਈ । ਕਈ ਪਰਿਵਾਰਾਂ ਵਿੱਚ ਤਾਂ ਬੱਚਿਆਂ ਦਾ ਅੱਡ ਹੋਣਾ ਵੀ ਸ਼ਰਮਨਾਕ ਮੰਨਿਆ ਜਾਂਦਾ ਸੀ ਪਰ ਸਮੇਂ ਦੀ ਰਫ਼ਤਾਰ ਨਾਲ ਅਤੇ ਦੇਖਾ ਦੇਖੀ ਇਹ ਇੱਕ ਰੀਤ ਜਿਹੀ ਬਣ ਗਈ ਤੇ ਹੌਲੀ ਹੌਲੀ ਇਕਹਿਰੇ ਪਰਿਵਾਰ ਹੋਂਦ ਵਿੱਚ ਆਉਣ ਲੱਗੇ। ਫਿਰ ਵੀ ਪਰਿਵਾਰਾਂ ਵਿੱਚ ਦੂਰ ਰਹਿ ਕੇ ਵੀ ਪਿਆਰ ਬਣਿਆ ਰਹਿੰਦਾ ਸੀ ਜਿਸ ਕਰਕੇ ਆਪਣੇ ਪਰਿਵਾਰਾਂ ਨੂੰ ਮਿਲਣ ਗਿਲਣ ਦੇ ਬਹਾਨੇ ਪਰਿਵਾਰ ਦੇ ਬਾਕੀ ਜੀਆਂ ਨਾਲ ਮੇਲ ਮਿਲਾਪ ਹੋਈ ਜਾਂਦਾ ਸੀ ਜੋ ਸਦਾਚਾਰਕ ਕਦਰਾਂ ਕੀਮਤਾਂ ਨੂੰ ਸੰਭਾਲਣ ਵਿੱਚ ਸਹਾਈ ਹੁੰਦਾ ਸੀ । ਪਰ ਪਿਛਲੇ ਇੱਕ ਡੇਢ ਦਹਾਕੇ ਤੋਂ ਮਨੁੱਖੀ ਜੀਵਨ ਸ਼ੈਲੀ ਵਿੱਚ ਤੇਜ਼ੀ ਨਾਲ ਬਦਲਾਅ ਆਇਆ ਹੈ ਚਾਹੇ ਉਸ ਦਾ ਕਾਰਨ ਵਿਸ਼ਵੀਕਰਨ ਸਮਝ ਲਿਆ ਜਾਵੇ ਜਾਂ ਪਦਾਰਥਵਾਦੀ ਯੁੱਗ ਸਮਝ ਲਿਆ ਜਾਵੇ। ਇਸ ਬਦਲਾਅ ਦੇ ਕਾਰਨ ਸਾਡਾ ਸਭਿਆਚਾਰ ਲੁੱਟਿਆ ਜਾ ਰਿਹਾ ਹੈ ਜਿਸ ਕਾਰਨ ਸਾਡੀ ਵਿਰਾਸਤੀ ਹੋਂਦ ਦੀਆਂ ਜੜ੍ਹਾਂ ਖੋਖਲੀਆਂ ਹੁੰਦੀਆਂ ਜਾ ਰਹੀਆਂ ਹਨ। ਇਕਹਿਰੇ ਪਰਿਵਾਰਾਂ ਦੀ ਗਿਣਤੀ ਵਧਦੀ ਗਈ ਤੇ ਸੰਯੁਕਤ ਪਰਿਵਾਰਾਂ ਦੀ ਗਿਣਤੀ ਘਟਣ ਲੱਗੀ। ਆਪਸੀ ਪਿਆਰ ਉੱਤੇ ਪਦਾਰਥਵਾਦ ਭਾਰੂ ਹੋਣ ਲੱਗਿਆ ਤੇ ਹਰ ਕੋਈ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਬਿਨਾਂ ਕਿਸੇ ਦੀ ਦਖਲਅੰਦਾਜ਼ੀ ਦੇ ਜਿਊਣਾ ਪਸੰਦ ਕਰਨ ਲੱਗਿਆ ਤੇ ਘਰ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਸਨਮਾਨ ਦੇਣ ਦੀ ਥਾਂ ਮਹਿੰਗੀਆਂ ਵਸਤੂਆਂ ਨੂੰ ਜ਼ਿਆਦਾ ਤਰਜੀਹ ਦੇਣ ਲੱਗਿਆ। ਸੰਯੁਕਤ ਪਰਿਵਾਰਾਂ ਦੇ ਖੁੱਲ੍ਹੇ ਕੱਚੇ ਵਿਹੜਿਆਂ ਦੀ ਥਾਂ ਇਕਹਿਰੇ ਪਰਿਵਾਰਾਂ ਦੇ ਆਪਣੇ ਮਾਰਬਲੀ ਫਰਸ਼ਾਂ ਦੀ ਚਮਕ ਦਮਕ ਹੇਠ ਰਿਸ਼ਤੇ ਨਾਤੇ ਦਬਦੇ ਦਿਖਾਈ ਦੇਣ ਲੱਗੇ।

ਇਕਹਿਰੇ ਪਰਿਵਾਰਾਂ ਦੀ ਹੋਂਦ ਤੱਕ ਤਾਂ ਗੱਲ ਸੀਮਤ ਸੀ ਕਿ ਚਲੋ ਪਰਿਵਾਰ ਦੀ ਇੱਕ ਇਕਾਈ ਆਪਸ ਵਿੱਚ ਪਿਆਰ ਨਾਲ ਘਰ ਦੀ ਚਾਰਦੀਵਾਰੀ ਵਿੱਚ ਵਧੀਆ ਜੀਵਨਸ਼ੈਲੀ ਅਪਣਾ ਕੇ ਆਪਣਾ ਜੀਵਨ ਬਤੀਤ ਕਰਦੇ ਸਨ। ਫਿਰ ਹੌਲੀ ਹੌਲੀ ਪਤੀ ਅਤੇ ਪਤਨੀ ਦੋਵਾਂ ਦਾ ਪੜ੍ਹਿਆ ਲਿਖਿਆ ਹੋਣ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਲਈ ਔਰਤਾਂ ਦਾ ਨੌਕਰੀ ਕਰਨ ਵੱਲ ਰੁਝਾਨ ਵਧਣ ਲੱਗਿਆ। ਇੱਕ ਪਰਿਵਾਰ ਵਿੱਚ ਮਾਤਾ ਪਿਤਾ ਦੋਵਾਂ ਦਾ ਘਰ ਤੋਂ ਸਾਰਾ ਦਿਨ ਬਾਹਰ ਰਹਿਣਾ ਅਤੇ ਘਰ ਆ ਕੇ ਵੀ ਥਕਾਵਟ ਜਾਂ ਹੋਰ ਕਾਰਨਾਂ ਕਰਕੇ ਬੱਚੇ ਅਣਗੌਲੇ ਜਿਹੇ ਹੋਣ ਲੱਗੇ। ਜਿਹੜੀਆਂ ਕਦਰਾਂ ਕੀਮਤਾਂ ਸਹਿਜ ਸੁਭਾਅ ਬੱਚਾ ਪਹਿਲਾਂ ਘਰ ਵਿੱਚੋਂ ਸਿੱਖ ਲੈਂਦਾ ਸੀ ਹੁਣ ਉਹ ਉਸ ਤੋਂ ਵਾਂਝੇ ਹੋਣ ਲੱਗੇ।ਉਸ ਤੋਂ ਅਗਲੀ ਪੀੜ੍ਹੀ ਵਿੱਚ ਨੈਤਿਕਤਾ ਦੀ ਕਮੀ ਕਾਰਨ ਅਸਹਿਣਸ਼ੀਲਤਾ,ਕ੍ਰੋਧ, ਬੇਹਯਾਈ ਅਤੇ ਬੇਸ਼ਰਮੀ ਵਰਗੇ ਔਗੁਣ ਪੈਦਾ ਹੋਣ ਲੱਗੇ।ਜਿਸ ਨੇ ਅਧੂਰੇ ਪਰਿਵਾਰਾਂ ਨੂੰ ਉਪਜਿਆ ਹੈ। ਅਧੂਰੇ ਪਰਿਵਾਰ ਤੋਂ ਮੇਰਾ ਭਾਵ ਹੈ ਕਿ ਇੱਕ ਛੱਤ ਹੇਠਾਂ ਹੀ ਪਰਿਵਾਰ ਦੇ ਚਾਰ ਜੀਆਂ ਦੇ ਤੌਰ ਤਰੀਕੇ ਅਤੇ ਵਿਚਾਰਾਂ ਦਾ ਟਕਰਾਅ ਹੋਣਾ ਤੇ ਫਿਰ ਚਾਰ ਜੀਆਂ ਵਿੱਚੋਂ ਵੀ ਦੋ ਲੋਕਾਂ ਦਾ ਅਲੱਗ ਰੈਣ ਬਸੇਰਾ ਵਸਾਉਣ ਦੀ ਰੀਤ ਚੱਲ ਪਈ।

ਸਾਡੇ ਸਮਾਜ ਵਿੱਚ ਅਧੂਰੇ ਪਰਿਵਾਰ ਕਈ ਕਾਰਨਾਂ ਕਰਕੇ ਉਪਜ ਰਹੇ ਹਨ। ਪਹਿਲਾ ਕਾਰਨ ਪਤੀ ਪਤਨੀ ਦੇ ਆਪਸੀ ਝਗੜਿਆਂ ਕਾਰਨ ਇੱਕ ਦੂਜੇ ਤੋਂ ਵੱਖ ਹੋ ਕੇ ਜੀਵਨ ਬਤੀਤ ਕਰਨਾ।ਇਸ ਦਾ ਸ਼ਿਕਾਰ ਉਹਨਾਂ ਦੇ ਬੱਚੇ ਹੁੰਦੇ ਹਨ ਜਿਨ੍ਹਾਂ ਨੂੰ ਬਦਕਿਸਮਤੀ ਨਾਲ ਮਾਂ ਜਾਂ ਪਿਓ ਵਿੱਚੋਂ ਇੱਕ ਦਾ ਹੀ ਪਿਆਰ ਮਿਲਦਾ ਹੈ।ਜਿਸ ਕੋਲ ਰਹਿ ਰਿਹਾ ਹੁੰਦਾ ਹੈ ਉਸ ਵੱਲੋਂ ਪਤੀ ਜਾਂ ਪਤਨੀ ਦੀ ਖਲਨਾਇਕ ਭੂਮਿਕਾ ਬਾਰੇ ਦੱਸਿਆ ਜਾਂਦਾ ਹੈ ਤਾਂ ਜੋ ਬੱਚਾ ਉਸ ਨਾਲ਼ ਪੱਕੀ ਤਰ੍ਹਾਂ ਦਿਲੋਂ ਦੂਰੀ ਬਣਾ ਲਵੇ। ਇਹ ਪੱਖ ਸਾਡੇ ਸਮਾਜ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਾਲਣ ਵਾਲੇ ਦਾ ਡਰ ਖ਼ਤਮ ਹੋਣ ਦੇ ਨਾਲ ਅੱਡ ਹੋ ਚੁੱਕੇ ਪਤੀ ਜਾਂ ਪਤਨੀ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ । ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚੇ ਦੇ ਕੋਮਲ ਮਨ ਵਿੱਚ ਪੜ੍ਹਾਈ, ਪਿਆਰ, ਨਵੀਆਂ ਗੱਲਾਂ ਸਿੱਖਣੀਆਂ ਹੁੰਦੀਆਂ ਹਨ ਅਤੇ ਆਪਣੇ ਜੀਵਨ ਲਈ ਉਸਾਰੂ ਵਿਉਂਤਬੰਦੀ ਕਰਨੀ ਹੁੰਦੀ ਹੈ। ਪਰ ਉਸ ਦੇ ਮਨ ਵਿੱਚ ਮਾਤਾ ਪਿਤਾ ਦੀ ਲੜਾਈ ਅਤੇ ਨਫ਼ਰਤ ਦੀਆਂ ਗੱਲਾਂ ਭਰ ਕੇ ਜਿੱਥੇ ਬੱਚਿਆਂ ਅਤੇ ਮਾਪਿਆਂ ਦੇ ਭਵਿੱਖ ਲਈ ਖਤਰਨਾਕ ਸਾਬਤ ਹੁੰਦੀਆਂ ਹਨ ਉੱਥੇ ਸਮਾਜ ਲਈ ਵੀ ਘਾਤਕ ਸਿੱਧ ਹੋ ਰਹੀਆਂ ਹਨ।

ਅਧੂਰੇ ਪਰਿਵਾਰ ਉਪਜਣ ਦਾ ਇੱਕ ਹੋਰ ਵੱਡਾ ਕਾਰਨ ਅੱਜ ਦੇ ਜ਼ਮਾਨੇ ਦੀ ਤਰੱਕੀਆਂ ਵੀ ਹਨ। ਇਕਹਿਰੇ ਪਰਿਵਾਰ ਵਿੱਚ ਘਰ ਵਿੱਚ ਇੱਕ ਜਾਂ ਦੋ ਬੱਚਿਆਂ ਦਾ ਹੋਣਾ, ਉਹਨਾਂ ਨੂੰ ਪੜ੍ਹਾਈ ਕਰਨ ਲਈ ਘਰਾਂ ਤੋਂ ਦੂਰ ਹੋਰ ਸ਼ਹਿਰ ਜਾਂ ਵਿਦੇਸ਼ਾਂ ਵਿੱਚ ਭੇਜ ਦੇਣਾ ਅਤੇ ਫਿਰ ਪੜ੍ਹਾਈ ਪੂਰੀ ਹੋਣ ਤੇ ਉੱਥੇ ਹੀ ਨੌਕਰੀਆਂ ਲੱਭ ਕੇ ਆਪਣੀ ਜ਼ਿੰਦਗੀ ਦਾ ਅਗਲਾ ਪੜਾਅ ਉੱਥੇ ਹੀ ਸਥਾਪਤ ਕਰ ਲੈਣਾ ਜਿਸ ਕਾਰਨ ਬੁੱਢੇ ਮਾਪੇ ਕਿਤੇ ਇਕੱਲੇ ਬੱਚੇ ਕਿਤੇ ਇਕੱਲੇ ਰਹਿ ਰਹੇ ਹੁੰਦੇ ਹਨ।ਇਹ ਇੱਕ ਫੈਸ਼ਨ ਹੈ ਜਾਂ ਮਜ਼ਬੂਰੀ ,ਇਹ ਸਭ ਦੀ ਆਪਣੀ ਆਪਣੀ ਸੋਚ ਅਤੇ ਮਜ਼ਬੂਰੀ ਦੀ ਉਪਜ ਹੀ ਹੈ। ਬੁਢਾਪੇ ਵਿੱਚ ਮਾਪਿਆਂ ਨੂੰ ਰੁਲਣਾ ਪੈਂਦਾ ਹੈ। ਸੰਯੁਕਤ ਪਰਿਵਾਰਾਂ ਤੋਂ ਇਕਹਿਰੇ ਪਰਿਵਾਰਾਂ ਅਤੇ ਫਿਰ ਇਕਹਿਰਿਆਂ ਤੋਂ ਅਧੂਰੇ ਪਰਿਵਾਰਾਂ ਵੱਲ ਨੂੰ ਵਧ ਰਿਹਾ ਰੁਝਾਨ ਜ਼ਰੂਰ ਇੱਕ ਸੋਚਣ ਦਾ ਵਿਸ਼ਾ ਹੈ।

ਸਾਡੇ ਸਮਾਜ ਵਿੱਚ ਮਾਨਸਿਕ ਰੋਗੀਆਂ ਦੀ ਦੇਖਭਾਲ ਲਈ ਸਮਾਜ ਸੇਵੀ ਸੰਸਥਾਵਾਂ ਦਾ ਵਧਣਾ ਜਾਂ ਬਜ਼ੁਰਗਾਂ ਦੀ ਦੇਖ ਭਾਲ ਲਈ ਬਿਰਧ ਆਸ਼ਰਮਾਂ ਦਾ ਵਧਣਾ ਸਾਡੀ ਸੰਸਕ੍ਰਿਤੀ ਉੱਤੇ ਡੂੰਘੀ ਸੱਟ ਹੈ ਜੋ ਸਿਰਫ਼ ਅਧੂਰੇ ਪਰਿਵਾਰਾਂ ਦੀ ਹੀ ਉਪਜ ਹਨ । ਇਹ ਗੱਲ ਵਿਚਾਰਨਯੋਗ ਹੈ।ਵਧ ਰਹੀ ਘਰੇਲੂ ਹਿੰਸਾ,ਆਤਮਹੱਤਿਆਵਾਂ, ਘਰੇਲੂ ਕਲੇਸ਼ ਕਾਰਨ ਕਤਲਾਂ, ਨੌਜਵਾਨੀ ਦਾ ਨਸ਼ਿਆਂ ਦੀ ਭੇਂਟ ਚੜ੍ਹਨਾ ਅਤੇ ਨੌਜਵਾਨੀ ਦਾ ਅਪਰਾਧ ਦੀ ਦੁਨੀਆ ਵਿੱਚ ਪ੍ਰਵੇਸ਼ ਕਰਨ ਦਾ ਬੀਜ ਵੀ ਕਿਤੇ ਨਾ ਕਿਤੇ ਅਧੂਰੇ ਪਰਿਵਾਰਾਂ ਕਰਕੇ ਹੀ ਪੁੰਗਰ ਰਿਹਾ ਹੈ। ਇਹ ਸਭ ਗੱਲਾਂ ਸਾਡੇ ਪਰਿਵਾਰਿਕ ਜੀਵਨ ਉੱਤੇ ਇੱਕ ਬਹੁਤ ਵੱਡਾ ਸਵਾਲੀਆ ਨਿਸ਼ਾਨ ਹਨ। ਮੁੱਕਦੀ ਗੱਲ ਇਹ ਹੈ ਕਿ ਅਧੂਰੇ ਪਰਿਵਾਰਾਂ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਘਾਟ ਹੋ ਰਹੀ ਹੈ, ਘਰਾਂ ਵਿੱਚੋਂ ਬੱਚਿਆਂ ਨੂੰ ਸੁਭਾਵਿਕ ਤੌਰ ਤੇ ਸਿੱਖਣ ਲਈ ਕੁਝ ਨਹੀਂ ਲੱਭਦਾ।ਜਿਸ ਕਰਕੇ ਉਹ ਫੋਨਾਂ ਉੱਪਰ ਨੈੱਟ ਰਾਹੀਂ ਜਾਂ ਆਪਣੇ ਦੋਸਤਾਂ ਤੋਂ ਆਪਣੀ ਸੋਚ ਅਤੇ ਸਵਾਦ ਮੁਤਾਬਕ ਲੱਭ ਰਿਹਾ ਹੈ। ਉਹ ਉਹੀ ਕੁਝ ਸਿੱਖ ਰਿਹਾ ਹੈ ਜੋ ਉਸ ਨੂੰ ਪਰੋਸਿਆ ਜਾ ਰਿਹਾ ਹੈ। ਅੱਜ ਦੀ ਪੀੜ੍ਹੀ ਨੂੰ ਕੋਈ ਸਮਾਂ ਦੇਣ ਵਾਲਾ ਅਤੇ ਮਾਰਗ ਦਰਸ਼ਨ ਕਰਨ ਵਾਲਾ ਕੋਈ ਨਹੀਂ ਮਿ਼ਲ ਰਿਹਾ। ਜਿਸ ਕਾਰਣ ਸਹਿਜਤਾ ਨਾਲ ਜੀਵਨ ਜਿਊਣ ਦੀ ਜਾਚ ਹਰ ਕੋਈ ਭੁੱਲਦਾ ਜਾ ਰਿਹਾ ਹੈ। ਇਸ ਤਰ੍ਹਾਂ ਸਮੇਂ ਸਮੇਂ ਤੇ ਪਰਿਵਾਰਾਂ ਦੀ ਬਦਲਦੀ ਰੂਪ ਰੇਖਾ ਦਾ ਪ੍ਰਭਾਵ ਘਰ ਦੇ ਬੱਚਿਆਂ ਤੋਂ ਲੈਕੇ ਪੂਰੇ ਸਮਾਜ ਤੇ ਪੈਂਦਾ ਹੈ ਜੋ ਮਨੁੱਖ ਨੂੰ ਇਕੱਲੇਪਣ ਦੀ ਭੱਠੀ ਵਿੱਚ ਝੋਖ ਕੇ ਦਿਮਾ਼ਗੀ ਬੀਮਾਰੀਆਂ ਵੱਲ ਧਕੇਲ ਰਿਹਾ ਹੈ।



ਬਰਜਿੰਦਰ ਕੌਰ ਬਿਸਰਾਓ...
9988901324

# ਅਧਿਆਪਕ ਕਿੱਤੇ ਦੀ ਅਦੁੱਤੀ ਮਿਸਾਲ : ਸ਼੍ਰੀਮਤੀ ਰਣਜੀਤ ਕੌਰ

ਸੇਵਾ ਮੁਕਤੀ ਦਾ ਸੰਕਲਪ ਉਂਜ ਤਾਂ ਨੌਕਰੀਪੇਸ਼ਾ ਲੋਕਾਂ ਨਾਲ ਜੁੜਿਆ ਹੋਇਆ ਹੈ ਪਰ ਇਸ ਦੇ ਅਨੇਕ ਪ੍ਰਕਾਰ ਦੇ ਸੰਦਰਭ ਦੇਖੇ-ਸਮਝੇ ਜਾ ਸਕਦੇ ਹਨ। ਗੁਰੂ ਵਾਕ ''ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ।'' ਵਿਚਲੇ ਮੂਲ ਭਾਵ ਨੂੰ ਇਸ ਅਰਥ-ਸੰਵੇਦਨਾ ਨਾਲ ਜੋੜ ਸਕਦੇ ਹਾਂ ਕਿ ਮਾਨਵ ਦਾ ਇਸ ਧਰਤੀ ਉੱਤੇ ਜਨਮ ਹੀ ਸਹੀ ਮਾਅਨੇ ਵਿਚ ਸੇਵਾ ਕਰਨ ਜਾਂ ਸੇਵਾ ਕਮਾਉਣ ਲਈ ਹੋਇਆ ਹੈ। ਮਨੁੱਖ ਦੀ ਪਛਾਣ ਉਸ ਦੇ ਸਮਾਜਿਕ ਭਲਾਈ ਦੇ ਕੰਮਾਂ ਤੋਂ ਕੀਤੀ ਜਾਂਦੀ ਹੈ ਕਿ ਉਸ ਵੱਲੋਂ ਆਪਣੀ ਜ਼ਿੰਦਗੀ ਵਿੱਚ ਸਮਾਜ ਸੁਧਾਰ ਲਈ ਕੀ ਯੋਗਦਾਨ ਪਾਇਆ ਹੈ। ਅੱਜ ਬਹੁਤ ਸਾਰੇ ਅਧਿਆਪਕ ਤੇ ਅਧਿਕਾਰੀ ਹਨ ਜਿਨ੍ਹਾਂ ਨੇ ਆਪਣੀ ਨੌਕਰੀ ਇਮਾਨਦਾਰੀ ਤੇ ਸੁਚੱਜਤਾ ਨਾਲ ਕਰਦੇ ਹੋਏ ਕਈ ਨੇਕ ਕੰਮ ਕੀਤੇ ਹਨ। ਅਜਿਹੇ ਮਨੁੱਖ ਦੂਜਿਆਂ ਲਈ ਮਾਰਗ ਦਰਸ਼ਕ ਬਣਦੇ ਹਨ। ਸ਼੍ਰੀਮਤੀ ਰਣਜੀਤ ਕੌਰ ਪੰਜਾਬੀ ਲੈਕਚਰਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡਡਵਿੰਡੀ ( ਕਪੂਰਥਲਾ) ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਜਿੱਥੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਉੱਥੇ ਸਮਾਜਿਕ ਕਾਰਜਾਂ ਵਿੱਚ ਸਮੇਂ - ਸਮੇਂ ਆਪਣਾ ਯੋਗਦਾਨ ਪਾਇਆ ਹੈ।

ਸ਼੍ਰੀਮਤੀ ਰਣਜੀਤ ਕੌਰ ਦਾ ਜਨਮ 14 ਮਈ 1968 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਾਗੋਬਲ ਵਿਖੇ ਹੋਇਆ । ਆਪ ਦੀ ਪਹਿਲੀ ਨਿਯੁਕਤੀ 30 ਦਸੰਬਰ 1996 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਰਜ਼ਾਪੁਰ ਵਿਖੇ ਬਤੌਰ ਪੰਜਾਬੀ ਮਿਸਟ੍ਰੈਸ ਦੇ ਤੌਰ ਤੇ ਹੋਈ। ਉਸ ਦਿਨ ਤੋਂ ਲੈ ਕੇ ਅੱਜ ਤੱਕ ਉਹਨਾਂ ਨੇ ਸਿੱਖਿਆ ਵਿਭਾਗ ਨੂੰ ਆਪਣੀਆਂ ਵਡਮੁੱਲੀਆਂ ਸੇਵਾਵਾਂ ਦੇ ਕੇ ਅਨੇਕਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕੀਤਾ ਹੈ। 26 ਜੁਲਾਈ 2008 ਨੂੰ ਆਪ ਬਤੌਰ ਪੰਜਾਬੀ ਲੈਕਚਰਾਰ ਪਦਉੱਨਤ ਹੋ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡਡਵਿੰਡੀ ( ਕਪੂਰਥਲਾ) ਵਿਖੇ ਆ ਗਏ ਤੇ ਆਪ ਨੇ ਇੱਥੇ ਲੱਗਭਗ 18 ਸਾਲ ਸੇਵਾ ਕੀਤੀ। ਇਸ ਸਕੂਲ ਵਿੱਚ ਸੇਵਾਵਾਂ ਦਿੰਦੇ ਹੋਏ ਜਿੱਥੇ ਸਕੂਲ ਦੀ ਕਾਇਆ ਕਲਪ ਕੀਤੀ ਉੱਥੇ ਸਟਾਫ਼ , ਵਿਦਿਆਰਥੀਆਂ ਤੇ ਸਮਾਜਿਕ ਭਾਈਚਾਰੇ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਬਣਾਈ। ਜਿਸ ਵਿੱਚ ਸਮੇਂ ਸਮੇਂ ਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਤੇ ਆਪਣੇ ਵੱਲੋਂ , ਸਟਾਫ਼ ਤੇ ਸਮਾਜਿਕ ਭਾਈਚਾਰੇ ਨੂੰ ਪ੍ਰੇਰਿਤ ਕਰਕੇ ਸਕੂਲ ਭਲਾਈ ਲਈ ਵਿੱਤੀ ਸਹਾਇਤਾ ਮੁਹੱਈਆਂ ਕਰਨਾ ਆਪ ਦੀ ਸ਼ਖ਼ਸੀਅਤ ਦਾ ਅਹਿਮ ਪਹਿਲੂ ਹੈ। ਅਗਰ ਪਰਿਵਾਰ ਦੀ ਗੱਲ ਕਰੀਏ ਤਾਂ ਆਪ ਨੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਵੀ ਬਾਖ਼ੂਬੀ ਨਿਭਾਈਆਂ। ਆਪ ਦੇ ਜੀਵਨ ਸਾਥੀ ਸ.ਗੁਰਬਖਸ਼ ਸਿੰਘ ਰੇਲ ਕੋਚ ਫੈਕਟਰੀ ਤੋਂ ਸੇਵਾ ਮੁਕਤ ਹਨ ਅਤੇ ਆਪ ਦਾ ਬੇਟਾ ਹਰਨੂਰ ਸਿੰਘ ਪੜ੍ਹਾਈ ਕਰ ਰਿਹਾ ਹੈ।



ਸਕੂਲ ਪ੍ਰਿੰਸੀਪਲ ਸ਼੍ਰੀਮਤੀ ਆਸ਼ਾ ਰਾਣੀ ਅਨੁਸਾਰ ਸ਼੍ਰੀਮਤੀ ਰਣਜੀਤ ਕੌਰ ਸਿਰਫ਼ ਇੱਕ ਅਧਿਆਪਕ ਹੀ ਨਹੀਂ ਸਗੋਂ ਇੱਕ ਮਾਰਗਦਰਸ਼ਕ, ਪ੍ਰੇਰਕ ਅਤੇ ਮਾਂ ਵਰਗੀ ਮਮਤਾ ਰੱਖਣ ਵਾਲੀ ਸ਼ਖਸੀਅਤ ਹਨ। ਉਹਨਾਂ ਦੀ ਕਲਾਸ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਪੁਸਤਕੀ ਗਿਆਨ ਹੀ ਨਹੀਂ ਮਿਲਿਆ, ਸਗੋਂ ਜੀਵਨ ਨੂੰ ਸੁਚੱਜੇ ਢੰਗ ਨਾਲ ਜੀਊਣ ਦੀ ਪ੍ਰੇਰਣਾ ਵੀ ਮਿਲੀ। ਜਿਵੇਂ ਅਧਿਆਪਕ ਨੂੰ ਮਾਲੀ ਦਾ ਨਾਮ ਦਿਤਾ ਜਾਂਦਾ ਹੈ ਜਿਵੇਂ ਮਾਲੀ ਪੌਦਿਆਂ ਦੇ ਵਧਣ-ਫੁੱਲਣ ਲਈ ਉਨ੍ਹਾਂ ਨੂੰ ਖ਼ਾਦ-ਖੁਰਾਕ, ਪਾਣੀ ਆਦਿ ਦਿੰਦਾ ਹੈ, ਉਸੇ ਤਰ੍ਹਾਂ ਅਧਿਆਪਕ ਵਿਦਿਆਰਥੀ ਰੂਪੀ ਪੌਦੇ ਨੂੰ ਹਰ ਪੱਖੋਂ ਬਿਹਤਰ ਬਣਾਉਣ ਲਈ ਆਪਣੀ ਹਰ ਵਾਹ ਲਾਉਂਦਾ ਹੈ ਤਾਂ ਕਿ ਉਸ ਦੇ ਵਿਦਿਆਰਥੀ ਚੰਗੇ ਨਾਗਰਿਕ ਬਣ ਕੇ, ਇੱਕ ਚੰਗੇ ਤੇ ਨਰੋਏ ਸਮਾਜ ਦਾ ਨਿਰਮਾਣ ਕਰਨ। ਉਹਨਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਰਹੀ ਕਿ ਉਹ ਹਰ ਵਿਅਕਤੀ ਨਾਲ ਬੜੀ ਨਿਮਰਤਾ ਅਤੇ ਸਤਿਕਾਰ ਨਾਲ ਗੱਲ ਕਰਦੇ ਹਨ। ਸਕੂਲ ਦੇ ਸਟਾਫ਼, ਵਿਦਿਆਰਥੀਆਂ ਅਤੇ ਮਾਪਿਆਂ ਨਾਲ ਉਹਨਾਂ ਦਾ ਵਰਤਾਵ ਹਮੇਸ਼ਾ ਪਿਆਰ ਅਤੇ ਆਪਣਾਪਣ ਭਰਿਆ ਰਿਹਾ। ਕਿਸੇ ਦੀ ਸਮੱਸਿਆ ਨੂੰ ਧੀਰਜ ਨਾਲ ਸੁਣਨਾ ਅਤੇ ਉਸਦਾ ਉਚਿੱਤ ਹੱਲ ਕੱਢਣਾ ਉਹਨਾਂ ਦੇ ਸੁਭਾਅ ਦਾ ਮਹੱਤਵਪੂਰਨ ਹਿੱਸਾ ਰਿਹਾ ਹੈ। ਉਹਨਾਂ ਨੇ ਹਮੇਸ਼ਾ ਇੱਕ ਟੀਮ ਲੀਡਰ ਵਾਂਗ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਕੀਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕੀਤਾ।

ਸ਼੍ਰੀਮਤੀ ਰਣਜੀਤ ਕੌਰ ਜੀ ਦੀ ਸ਼ਖਸੀਅਤ ਦਾ ਪ੍ਰਭਾਵ ਉਹਨਾਂ ਨਾਲ ਕੰਮ ਕਰਨ ਵਾਲੇ ਹਰ ਵਿਅਕਤੀ ਉੱਤੇ ਸਾਫ਼ ਤੌਰ 'ਤੇ ਦਿਖਾਈ ਦਿੰਦਾ ਹੈ। ਮੈਂ ਖੁਦ ਉਹਨਾਂ ਨਾਲ ਲੰਬੇ ਸਮੇਂ ਤੱਕ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਅਤੇ ਉਹਨਾਂ ਦੀ ਸਾਦਗੀ, ਇਮਾਨਦਾਰੀ, ਕਰਤਵ ਨਿਸ਼ਠਾ ਅਤੇ ਉੱਚੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਰਿਹਾ ਹਾਂ। ਉਹਨਾਂ ਦੀਆਂ ਗੱਲਾਂ ਅਤੇ ਜੀਵਨ ਜਿਉਣ ਦਾ ਢੰਗ ਹਰ ਕਿਸੇ ਲਈ ਪ੍ਰੇਰਣਾ ਦਾ ਸਰੋਤ ਹੈ। ਹੁਣ 31 ਮਈ 2026 ਨੂੰ ਉਹ ਆਪਣੀ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਰਹੇ ਹਨ। ਇਹ ਸਿਰਫ਼ ਇੱਕ ਰਿਟਾਇਰਮੈਂਟ ਨਹੀਂ, ਸਗੋਂ ਸਿੱਖਿਆ ਜਗਤ ਲਈ ਇੱਕ ਅਮਿੱਟ ਯਾਦ ਬਣਨ ਵਾਲਾ ਪਲ ਹੈ। ਉਹਨਾਂ ਦੀਆਂ ਦਿੱਤੀਆਂ ਸੇਵਾਵਾਂ, ਉੱਚੇ ਸੰਸਕਾਰ ਅਤੇ ਪਿਆਰ ਭਰੀ ਸ਼ਖਸੀਅਤ ਹਮੇਸ਼ਾ ਸਾਰਿਆਂ ਦੇ ਦਿਲਾਂ ਵਿੱਚ ਜਿਉਂਦੀ ਰਹੇਗੀ। ਅਸੀਂ ਸਭ ਉਹਨਾਂ ਦੀ ਚੰਗੀ ਸਿਹਤ, ਖੁਸ਼ਹਾਲ ਅਤੇ ਲੰਬੀ ਉਮਰ ਲਈ ਦਿਲੋਂ ਅਰਦਾਸ ਕਰਦੇ ਹਾਂ ਅਤੇ ਉਹਨਾਂ ਦੇ ਸੁਨਿਹਰੇ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕਰਦੇ ਹਾਂ।



**ਦੀਦਾਰ ਸਿੰਘ,ਪੰਜਾਬੀ ਲੈਕਚਰਾਰ**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ**
**ਪਰਮਜੀਤਪੁਰ ( ਕਪੂਰਥਲਾ )**






Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**